
ੴ

ਮਾਸਕ ਪੱਤਰ

# ਸੂਰਾ
## ਅੰਮ੍ਰਿਤਸਰ

ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ, ਸ੍ਰੀ ਅੰਮ੍ਰਿਤਸਰ

MAY 1987



ਜਿਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਹਿਲੀ ਲੜਾਈ ੧੬੨੮ ਈਸਵੀ ਵਿਚ ਲੜੀ ਤੇ ਫ਼ਤਹ ਪ੍ਰਾਪਤ ਕੀਤੀ। ਪੂਰਾ ਵੇਰਵਾ ਅੰਦਰ ਪੜ੍ਹੋ

www.AKJ.Org

# ਤਤਕਰਾ


| | | |
|---|---|---|
| ਛਟਮੁ ਪੀਰੁ ਬੈਠਾ ਗੁਰੁ ਭਾਰੀ | ੩ | ਭਾਈ ਗੁਰਦਾਸ ਜੀ |
| ਸੱਚੀਆਂ ਦਾੜ੍ਹੀਆਂ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਮੀਰੀ ਪੀਰੀ ਦਾ ਜਲਵਾ (ਕਵਿਤਾ) | ੭ | ਸ: ਵਿਧਾਤਾ ਸਿੰਘ ਜੀ ਤੀਰ |
| ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੀ ਪਹਿਲੀ ਜੰਗ | ੮ | ਡਾ: ਜਸਵੰਤ ਸਿੰਘ ਜੀ ਜਸ |
| ਗੁਰਦੁਆਰਾ ਸ਼ਹੀਦ ਗੰਜ ਲਾਹੌਰ (ਪਾਕਿਸਤਾਨ) | ੧੨ | ਸ: ਮਦਨ ਸਿੰਘ ਜੀ ਯੂ. ਕੇ. |
| ਦੇਖਾ ਦੇਖੀ ਫ਼ੈਸ਼ਨ, ਸਿਨੇਮਾ ਤੇ ਟੈਲੀਵੀਜਨ | ੧੬ | ਸ: ਨਰੈਣ ਸਿੰਘ ਜੀ ਐਮ. ਏ. |
| ਆਤਮਕ ਸ੍ਵੈ-ਸਰੂਪ ਲਖਤਾ ਮਾਨਸਕ ਇਕ-ਸੁਰਤਾ ਨਾਲੋਂ ਉਚੀ ਹੈ | ੨੨ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰੂਸਰ ਸੁਤਲਾਣੀ | ੨੩ | ਸ: ਮਨਜੀਤ ਸਿੰਘ ਜੀ |
| ਪਹਿਲਾ ਘਲੂਘਾਰਾ (੬) | ੨੪ | ਕੈਪਟਨ ਸਵਰਨ ਸਿੰਘ ਜੀ |
| ਸ੍ਰੀ ਸੁਨੀਲ ਦੱਤ ਨਾਲ ਵਿਸ਼ੇਸ਼ ਮੁਲਾਕਾਤ | ੨੮ | ਸ: ਸਤਨਾਮ ਸਿੰਘ ਮਾਣਕ |
| ਮੁੜ ਕੇ ਫਿਰ ਅਜ਼ਮਾਇਆ ਹੈ (ਕਵਿਤਾ) | ੩੦ | ਸ: ਤੇਗ ਬਹਾਦਰ ਸਿੰਘ ਤੇਗ |
| ਹਰ ਕੀ ਪੌੜੀ ਤੋਂ ਹਰਿਮੰਦਰ ਸਾਹਿਬ ਤਕ | ੩੧ | ਸ: ਮਨਜੀਤ ਸਿੰਘ ਜੀ |
| ਘਾਟਿ ਨ ਕਿਨਹੀ ਕਹਾਇਆ (੨) | ੩੭ | ਪ੍ਰੋਫੈਸਰ ਗੁਰਮੁਖ ਸਿੰਘ ਜੀ |


ਸ੍ਰੀ ਗੁਰੂ ਅਮਰਦਾਸ ਜੀ ਅਵਤਾਰ ਧਾਰਿਆ ੧੨ ਮਈ        ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ ੩੧ ਮਈ

## ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਗਰਿਆਈ ੨੦ ਮਈ

ਕੁਝ ਕਵਿਤਾਵਾਂ ਥਾਂ ਮੁਕ ਜਾਣ ਕਰਕੇ ਛਪਣੋਂ ਰਹਿ ਗਈਆਂ ਹਨ ।

## ਮਾਰਚ–ਅਪ੍ਰੈਲ ਸੂਰਾ ਮਾਸਿਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਸ: ਜੀਤ ਸਿੰਘ ਡੈਂਨਮਾਰਕ | ੪੨-੦੦ | ਸ: ਕਰਤਾਰ ਸਿੰਘ ਗ੍ਰੀਬ ਲੁਧਿਆਣਾ | ੧੧-੦੦ |
| ਸ: ਰਣਬੀਰ ਸਿੰਘ ਮੋਰਿੰਡਾ, | | ਪਰਮਾਵਤੀ ਪਤਨੀ ਸ: ਹੁਕਮ ਸਿੰਘ ਸੌਂਢ ਦੀ ਯਾਦ ਵਿਚ ਬੀਬੀ | ੨੧-੦੦ |
| ਗੁਪਤ ਦਾਨ | ੨੦੫-੦੦ | ਸ: ਸੇਵਕ ਸਿੰਘ ਨਾਰਨੌਲ | ੧੧-੦੦ |
| ਡੀ. ਐਸ. ਖਿੰਦ ਵਿੰਡਸਰ ਕੈਨੇਡਾ | ੨੪੨-੦੦ | ਗੁਪਤਦਾਨ | ੫੦੦-੦੦ |
| ਬੀਬੀ ਬਲਬੀਰ ਕੌਰ ਸੁਰਿੰਦਰ ਸਿੰਘ ਰੈਡਿੰਗ ਯੂ. ਕੇ | | ਸੂਰਾ ਦੀ ਚੜ੍ਹਦੀ ਕਲਾ | ੩੮੦-੦੦ |
| ਸ: ਲਖਾ ਸਿੰਘ ਮਦਰਾਸ, | | ਕਾਕਾ ਰਾਜਿੰਦਰ ਸਿੰਘ ਦੇ ਅਨੰਦ ਦੀ ਖੁਸ਼ੀ ਵਿਚ | ੧੩੧-੦੦ |
| ਭਾ: ਚੈਨ ਸਿੰਘ ਡਰਬੀ ਯੂ ਕੇ | ੧੮-੦੦ | ਭਾ: ਹਰੀ ਸਿੰਘ ਰੈਡਿੰਗ ਯੂ ਕੇ | ੭੩-੬੦ |
| ਸ: ਅਮਰ ਸਿੰਘ ਗੁਜਰਵਾਲ | | ਸਪੁਤਰ ਡਾ: ਮਨਜੀਤ ਸਿੰਘ ਦੇ ਭੋਗ ਸਮੇਂ | ੧੦੦-੦੦ |
| ਭਾ: ਦਲਜੀਤ ਸਿੰਘ ਲੁਧਿਆਣਾ | | ਮਾਤਾ ਇੰਦਰ ਕੌਰ ਦੇ ਅਕਾਲ ਚਲਾਣੇ ਸਮੇਂ | ੫੧-੦੦ |
| ਸ: ਸਰਦਾਰਾ ਸਿੰਘ ਧਾਲੀਵਾਲ ਕੁਰਾਲੀ | | | ੨੧-੦੦ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੮-੫-੮੭ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : 51847 ਘਰ 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |

**ਪਰਦੇਸ (ਸਾਰੇ ਦੇਸ)**

**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੬੮-੦੦ |
| ਹਵਾਈ ਡਾਕ | ੧੦੦-੦੦ |

Foreign Subscription

| | |
|---|---|
| Sea Mail | 40-00 |
| Air Mail | 100-00 |

**ਅਮਾਨਤੀ**

**ਲਾਈਫ਼ ਮੈਂਬਰ**

| | |
|---|---|
| ਦੇਸ | ੧੫੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੦੦੦-੦੦ |

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੧ ਮਈ ੧੯੮੭ ਅੰਕ ੫

## ਛਟਮੁ ਪੀਰੁ ਬੈਠਾ ਗੁਰੁ ਭਾਰੀ

ਪੰਜਿ ਪਿਆਲੇ ਪੰਜ ਪੀਰ ਛਟਮੁ ਪੀਰੁ ਬੈਠਾ ਗੁਰੁ ਭਾਰੀ ॥
ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿ ਗੋਬਿੰਦ ਸਵਾਰੀ ॥
ਚਲੀ ਪੀੜੀ ਸੋਢੀਆਂ ਰੂਪੁ ਦਿਖਾਵਣਿ ਵਾਰੋ ਵਾਰੀ ॥
ਦਲਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ॥
ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਿਲਾਂ ਤਕ ਦਰਸੁ ਨਿਹਾਰੀ ॥
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ ॥
ਕਲਿਜੁਗਿ ਪੀੜੀ ਸੋਢੀਆਂ ਨਿਹਚਲ ਨੀਵ ਉਸਾਰਿ ਖਿਲਾਰੀ ॥
ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ ॥੪੮॥

[ ਭਾਈ ਗੁਰਦਾਸ ਜੀ, ਵਾਰ ੧



www.AKJ.Org

# ਸੱਚੀਆਂ ਦਾੜ੍ਹੀਆਂ

[ ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ]

## (੧) ਦਾੜ੍ਹੀਆਂ ਦੀ ਮਹੱਤਤਾ–

ਸੇ ਦਾੜੀਆ ਸਚੀਆ ਜਿ ਗੁਰ ਚਰਨੀ ਲਗੰਨਿ੍ ॥
ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨਿ੍ ॥
ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨਿ੍ ॥ ੫੨ ॥
ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥
ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਹਿ ਸਮਾਹਿ ॥
ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਂਹਿ ॥
ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ ॥
ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ ॥
ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਂਹਿ ॥ ੫੩ ॥

[ਸਲੋਕ ਮ: ੩, ਪੰਨਾ ੧੪੧੯

ਇਸ ਗੁਰਵਾਕ ਦੀ ਪਹਿਲੀ ਪੰਗਤੀ ਦਾ ਸਪੱਸ਼ਟ ਭਾਵ ਇਹ ਹੈ ਕਿ ਸੇਈ ਬੀਬੀਆਂ ਗੁਰਮੁਖ ਸੱਚੀਆਂ ਦਾੜ੍ਹੀਆਂ ਸੱਚੀਆਂ ਅਤੇ ਸੁੱਚੀਆਂ ਦਾੜ੍ਹੀਆਂ ਹਨ ਜੋ ਗੁਰੂ ਕੀ ਚਰਨੀ ਲਗਦੀਆਂ ਹਨ। ਭਾਵ ਸੇਈ ਸਿੱਧੀਆਂ ਦਾੜ੍ਹੀਆਂ ਵਾਲੇ ਗੁਰਮੁਖ ਜਨ, ਸੱਚੇ ਗੁਰਮੁਖ ਜਨ ਹਨ, ਗੁਰ ਚਰਨੀ ਲਗਣ ਸਮੇਂ ਜਿਨ੍ਹਾਂ ਦੀਆਂ ਗੁਰਮੁਖੀ ਸਿੱਧੀਆਂ ਦਾੜ੍ਹੀਆਂ ਹੀ ਸੁਤੇ ਸੁਭਾ ਗੁਰ ਚਰਨੀ ਆਣ ਲਗਦੀਆਂ ਹਨ। ਭਲਾ ਮੁੰਨੀਆਂ ਮੁੜ-ਚੁੰਨੀਆਂ ਦਾੜ੍ਹੀਆਂ ਨੇ ਗੁਰ ਚਰਨੀ ਕੀ ਲਗਣਾ ਹੋਇਆ ? ਮੁੰਨੀਆਂ ਮੁੜਚੁੰਨੀਆਂ ਦਾੜ੍ਹੀਆਂ ਵਾਲੇ ਜਦੋਂ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਹਨ ਤਾਂ ਤਿਨ੍ਹਾਂ ਦੀਆਂ ਮੁੰਨੀਆਂ ਮੁੜਚੁੰਨੀਆਂ ਦਾੜ੍ਹੀਆਂ ਗੁਰ ਚਰਨੀ ਲਗਣੋਂ ਐਵੇਂ ਰਾਹ ਜਾਂਦੀਆਂ ਹਨ। ਅਜ ਕਲ੍ਹ ਇਹ ਫ਼ੈਸ਼ਨ ਹੋ ਗਿਆ ਹੈ ਕਿ ਜਿਤਨੇ ਭੀ ਸਿਖ ਦੇਖੀਦੇ ਹਨ, ਸਭ ਦੀਆਂ ਇਕਦੂ ਵਾਧਿਓਂ ਦਾੜ੍ਹੀਆਂ ਮਰੋੜ ਤੋੜ ਤੇ ਚਾੜ੍ਹੀਆਂ ਹੁੰਦੀਆਂ ਹਨ। ਕਈ ਤਾਂ ਦਾੜ੍ਹੀਆਂ ਚਪਕਾ ਕੇ ਐਸੀਆਂ ਚਾੜ੍ਹਦੇ ਹਨ ਕਿ ਦਾੜ੍ਹੀਆਂ ਆਈਆਂ ਮਲੂਮ ਹੀ ਨਾ ਹੋਣ। ਅਗੇ ਤਾਂ ਕੇਵਲ ਫੌਜੀ ਸਿਖ ਹੀ ਦਾੜ੍ਹੀਆਂ ਚੜ੍ਹਾਇਆ ਕਰਦੇ ਸਨ, ਹੁਣ ਤਾਂ ਹਰ ਇਕ ਮਹਿਕਮੇ ਦੇ ਸਿਖ ਮੁਲਾਜ਼ਮ ਸਾਰੇ ਦੇ ਸਾਰੇ ਹੀ ਦਾੜ੍ਹੀਆਂ ਚੜ੍ਹਾਉਂਦੇ ਹਨ। ਗੁਰਦੁਆਰੇ ਵਿਚ ਭੀ ਆਉਂਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਅਗੇ ਮੱਥਾ ਟੇਕਦੇ ਹਨ ਤਾਂ ਓਹਨਾਂ ਦੀਆਂ ਦਾੜ੍ਹੀਆਂ ਗੁਰੂ ਚਰਨੀ ਲਗ ਹੀ ਨਹੀਂ ਸਕਦੀਆਂ। ਹਿੰਦੂਆਂ ਦੀ ਦੇਖਾ ਦੇਖੀ ਰੀਸੇ ਕੁਰੀਸੇ ਪੈ ਰਹੇ ਹਨ।

ਦਿਲੋਂ ਤਾਂ ਇਹੋ ਚਾਹੁੰਦੇ ਹਨ ਕਿ ਦਾੜ੍ਹੀਆਂ ਕਿਉਂ ਆ ਗਈਆਂ ? ਪਰ ਆਈਆਂ ਦਾੜ੍ਹੀਆਂ ਦੀ ਲਾਜ ਜ਼ਰੂਰ ਰਖਣੀ ਪੈਂਦੀ ਹੈ, ਸਿਖ ਭੀ ਕਹਾਉਂਦੇ ਰਹਿਣ ਤੇ ਆਪੋ ਆਪਣੇ ਡੀਪਾਰਟਮੈਂਟਾਂ ਦੇ ਅਫ਼ਸਰਾਂ ਨੂੰ ਭੀ ਖ਼ੁਸ਼ ਰਖਦੇ ਰਹਿਣ, ਪਰ ਉਹ ਖੁਸ਼ ਫੇਰ ਭੀ ਨਹੀਂ ਹੁੰਦੇ। ਉਹ ਆਨਮਤੀ ਲੋਗ ਤਾਂ ਏਸ ਗੱਲ ਵਿਚ ਖੁਸ਼ ਹਨ ਕਿ ਸਿਖ ਭੀ ਸਾਰੇ ਓਹਨਾਂ ਵਾਂਗ ਮੋਨੇ ਹੋ ਜਾਣ। ਸਵਾਰਥੀ ਸਿਖ ਚਾਹੇ ਹਿੰਦੂਆਂ ਵਾਲੀ ਦਾੜ੍ਹੀ ਮੁੰਨਣ ਵਾਲੀ ਵਾਦੀ ਵਿਚ ਤਾਂ ਨਹੀਂ ਪੈ ਸਕਦੇ, ਪਰ ਦਾੜ੍ਹੀ ਮੁੜਚੁੰਨ ਕੇ, ਮਰੋੜ ਤੋੜ ਕੇ ਚੜ੍ਹਾਉਣ ਵਿਚ ਹੀ ਹਿੰਦੂਆਂ ਦੀ ਸਵਾਰਥ-ਪਸਿੰਦ ਖ਼ੁਸ਼ਨੂਦੀ ਲੈਂਦੇ ਹਨ। ਇਹ ਸਵਾਰਥ-ਪਸਿੰਦੀ ਸਿਖਾਂ ਦੇ ਕਿਸੇ ਕੰਮ ਭੀ ਨਹੀਂ ਆਉਣੀ, ਸਗੋਂ ਆਪਣਾ ਹੀ ਪਰਮਾਰਥ ਵਿਗਾੜ ਬੈਠਣਗੇ।

ਸਵਾਰਥ-ਪਸਿੰਦ ਵਿਗੜੇ ਹੋਏ ਸਿਖ ਅਗੋਂ ਇਹ ਹੁੱਜਤ ਭੇੜਦੇ ਹਨ ਕਿ ਦਾੜ੍ਹੀ ਚੜ੍ਹਾਉਣ ਵਿਚ ਪਰਮਾਰਥ ਕਿਵੇਂ ਵਿਗੜ ਜਾਂਦਾ ਹੈ, ਪਰਮਾਰਥ ਦਾ ਸੰਬੰਧ ਤਾਂ ਮਨ ਦੇ ਨਾਲ ਹੈ। ਇਹੋ ਦਾੜ੍ਹੀ-ਮੁੰਨੇ ਭੇੜਿਆ ਕਰਦੇ ਹਨ ਤਾਂ



www.AKJ.Org

ਅਸੀਂ ਓਹਨਾਂ ਦਾੜ੍ਹੀ-ਮੁੰਨਿਆਂ ਨੂੰ ਤਾਂ ਇਹ ਜਵਾਬ ਦੇ ਦਿਆ ਕਰਦੇ ਹਾਂ ਕਿ–

ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥
ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥ ੧੦੧ ॥

[ਸਲੋਕ ਕਬੀਰ ਜੀ, ਪੰਨਾ ੧੩੬੯

ਤਿਸ ਪਰ ਮੂੰਹ ਸਿਰ ਮੁੰਨਣ-ਹਾਰਿਆਂ ਨੂੰ ਹੋਰ ਤਾਂ ਉਤਰ ਫੁਰਦਾ ਨਹੀਂ ਪਰੰਤੂ ਅਗਲੇਰੇ ਵਾਕ ਦਾ ਆਸਰਾ ਲੈਂਦੇ ਹਨ-- ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁੰਡਾਇ ॥ ੨੫ ॥ (੧੩੬੫)

ਇਸ ਗੁਰਵਾਕ ਪੰਗਤੀ ਦਾ ਅਸਲ ਭਾਵ ਉਹ ਜਾਣਦੇ ਹੀ ਨਹੀਂ। ਤਤ ਭਾਵ ਇਹ ਹੈ ਕਿ ਲਾਂਬੇ ਕੇਸ ਕਰਨ ਦਾ, ਜੋ ਜਟਾਧਾਰੀ ਅਨਮਤੀ ਲੋਗ ਕੁਦਰਤੀ ਕੇਸਾਂ ਵਿਚ ਭਸਮ ਰੁਮਾ ਰੁਮਾ ਕੇ ਮਸਨੂਈ (ਬਨਾਵਟੀ) ਤੌਰ ਪਰ ਜਟਾਂ ਵਧਾਉਂਦੇ ਹਨ, ਉਹਨਾਂ ਜਟਾਧਾਰੀਆਂ ਦੇ ਬਨਾਵਟੀ ਤੌਰ ਤੇ ਜਟਾਂ ਵਧਾਉਣ ਵਾਲੇ ਮਨਮਤੀ ਆਸ਼ੇ ਨੂੰ ਖੰਡਨ ਕੀਤਾ ਗਿਆ ਹੈ ਅਤੇ ਇਹ ਗੱਲ ਸਪੱਸ਼ਟ ਸਮਝਾਈ ਗਈ ਹੈ ਕਿ ਇਸ ਬਿਧ ਬਨਾਵਟੀ ਤੌਰ ਪਰ ਵਾਲਾਂ ਨੂੰ ਵਧਾਉਣ ਅਤੇ ਮੁੰਨਾਉਣ ਵਾਲੀਆਂ ਦੋਹਾਂ ਵਾਦੀਆਂ ਨੂੰ ਛਡ ਦਿਓ। ਕੁਦਰਤੀ ਤੌਰ ਪਰ ਕੇਸ ਆਏ ਹਨ ਤੇ ਆਉਂਦੇ ਹਨ, ਉਵੇਂ ਅਤੇ ਓਥੇ ਹੀ ਉਹਨਾਂ ਨੂੰ ਰਹਿਣ ਦਿਓ। ਅਰਾਸਤਨ ਪੈਰਾਸਤਨ (ਸਜਾਉਣ ਫਬਾਉਣ) ਦੀਆਂ ਦੋਈ ਵਾਦੀਆਂ ਗੁਰਮਤਿ ਅੰਦਰਿ ਮਮਨੂਹ (ਵਿਵਰਜਤ) ਹਨ। ਇਸ ਉਤਰ ਨੂੰ ਸੁਣ ਕੇ ਮੂੰਹ ਸਿਰ ਮੁੰਨੇ ਮਨੁਸ਼ਾਂ ਦੇ ਮੂੰਹ ਨੂੰ ਤਾਂ ਜਿੰਦੇ ਲਗ ਜਾਂਦੇ ਹਨ ਤੇ ਓਹਨਾਂ ਨੂੰ ਕੋਈ ਅਗੋਂ ਉਤਰ ਦੇਣਾ ਫੁਰਦਾ ਹੀ ਨਹੀਂ।

ਪਰ ਅਸਾਡੇ ਦਾੜ੍ਹੀ ਚਾੜ੍ਹਨ ਵਾਲੇ ਭਰਾ, ਖ਼ਾਸ ਕਰ ਠੋਡੀ ਦੀ ਗਲੂੰਡੀ ਕਰ ਕੇ ਰਖਣਹਾਰੇ, ਮਨ-ਹੁਜਤੀ ਸਿਖ-ਭਾਈ ਕੇਵਲ ਇਹੋ ਹੁਜ਼ਤ ਅਗੋਂ ਡਾਹਿਆ ਕਰਦੇ ਹਨ ਕਿ ਦੇਖੋ ਸੀਸ ਦੇ ਕੇਸਾਂ ਦਾ ਭੀ ਜੂੜਾ ਕੀਤਾ ਜਾਂਦਾ ਹੈ, ਅਸੀਂ ਜੇ ਦਾੜ੍ਹੀ ਦਾ ਹੇਠਾਂ ਜੂੜਾ ਕਰ ਲਿਆ ਜਾਂ ਦਾੜ੍ਹੀ ਚੜ੍ਹਾ ਲਈ ਤਾਂ ਕਿਹੜਾ ਲੋਹੜਾ ਆ ਗਿਆ। ਇਸ ਦਾ ਉਤਰ ਏਤਨਾ ਕਾਫ਼ੀ ਹੈ ਕਿ ਗੁਰਸਿਖਾਂ ਨੇ ਦਸਮੇਸ਼ ਜੀ ਦੀ ਦ੍ਰਿੜ੍ਹਾਈ ਰਹਿਤ ਬਹਿਤ ਨੂੰ ਪਹਿਲੋਂ ਮੁਖ ਰਖਣਾ ਹੈ ਤੇ ਓਹਨਾਂ ਦੇ ਸਮੱਗਰ ਹੁਕਮ ਪਾਲਣੇ ਹਨ। ਜੈਸਾ ਕਿ–

'ਕੰਘਾ ਦੋਨੋਂ ਵਕਤ ਕਰ ਪਾਗ ਚੁਨੇ ਕਰ ਬਾਂਧਈ।'

ਸੀਸ ਉਤੇ ਚੁਣ ਕੇ ਦਸਤਾਰ ਤਦੇ ਸਜਾਈ ਜਾ ਸਕਦੀ ਹੈ ਜੇਕਰ ਸੀਸ ਦੇ ਕੇਸਾਂ ਨੂੰ ਬਿਖਰਨੋਂ ਸੰਭਾਲ ਕੇ ਕੇਸਾਂ ਦਾ ਸੀਸ ਉਤੇ ਜੂੜਾ ਕੀਤਾ ਜਾਵੇ, ਪਰੰਤੂ ਦਾੜ੍ਹੀ ਚਿਪਕਾਉਣ ਮਰੋੜਨ ਮਚਕੋੜਨ-ਹਾਰਿਆਂ ਨੂੰ ਇਸ ਪਰਕਾਰ ਦੀ ਕੋਈ ਲੋੜ ਹੀ ਨਹੀਂ ਪੈਂਦੀ। ਦਾੜ੍ਹੀ ਤੇ ਠਾਠੀ ਬੰਨ੍ਹ ਕੇ ਜਾਂ ਜਾਲੀ ਬੰਨ੍ਹ ਕੇ ਦੀਵਾਨ ਵਿਚ ਆਉਣਾ ਹੋਰ ਭੀ ਭੈੜੀ ਮਨਮਤਿ ਹੈ। ਫ਼ੌਜ ਵਿਚ ਹੀ ਪੱਕੀ ਰਹਿਤ-ਰਹਿਣੀ ਰਹਿਣ ਵਾਲੇ ਕਈ ਇਕ ਸ਼ਰਧਾਲੂ ਸਿਖ ਵੇਖਣ ਵਿਚ ਆਏ ਹਨ ਕਿ ਉਹ ਸਾਰੀ ਸਾਰੀ ਉਮਰ ਫ਼ੌਜ ਵਿਚ ਰਹਿੰਦਿਆਂ ਹੋਇਆਂ ਦਾੜ੍ਹੀ ਚਾੜ੍ਹਦੇ ਹੀ ਨਹੀਂ।..... ਫ਼ੌਜੀ ਸਿੰਘਾਂ ਦੀ ਵੇਖੋ ਵੇਖੀ ਦੂਜੇ ਮਹਿਕਮਿਆਂ ਦੇ ਸਿਖ ਭੀ ਬੇਦਰੇਗ ਦਾੜ੍ਹੀਆਂ ਚਾੜ੍ਹਨ ਲਗ ਪਏ ਹਨ। ਐਥੋਂ ਤਕ ਕਿ ਨਿਸ਼ੱਕ ਹੋ ਕੇ ਅਜ ਸਮੂਹ ਮਹਿਕਮਿਆਂ ਦੇ ਅਜਿਹੇ ਸਮੂਹ ਮੁਲਾਜ਼ਮ-ਸਿਖ ਗੁਰੂ ਕੇ ਦੀਵਾਨਾਂ ਵਿਚ ਭੀ ਦਾੜ੍ਹੀਆਂ ਨਰੜ ਕੇ ਆਉਂਦੇ ਹਨ। ਦਾੜ੍ਹੀਆਂ ਨਰੜ ਕੇ ਦੀਵਾਨਾਂ ਵਿਚ ਆਉਣ ਨੂੰ ਫ਼ਖਰ ਸਮਝਿਆ ਜਾਂਦਾ ਹੈ। ਤੁਸੀਂ ਅੱਜ ਕਲ੍ਹ ਗੁਰੂ ਕੇ ਦੀਵਾਨਾਂ ਵਿਚ ਵੇਖੋਗੇ ਕਿ ਕੋਈ ਅਜਿਹੇ ਵਿਰਲੇ-ਵਾਂਝੇ ਸਿਖ ਹੀ ਹੁੰਦੇ ਹਨ ਜਿਨ੍ਹਾਂ ਦੇ ਗੁਰਮੁਖੀ ਦਾੜ੍ਹੇ ਹੁੰਦੇ ਹਨ। ਨਹੀਂ ਤੇ ਸਾਰਿਆਂ ਨੂੰ ਹੀ ਇਹ ਵਾਦੀ ਵਗੀ ਹੋਈ ਹੈ ਕਿ ਦਾੜ੍ਹੇ ਨਰੜ ਕੇ ਦੀਵਾਨਾਂ ਵਿਚ ਆਉਣਗੇ, ਦਾੜ੍ਹੇ ਨਰੜ ਕੇ ਦੀਵਾਨਾਂ ਵਿਚ ਆਉਣ ਤੋਂ ਕਦੇ ਭੀ ਨਹੀਂ ਝਿਜਕਣਗੇ। ਦਾੜ੍ਹੀ ਨਰੜਨ ਵਾਲੇ ਨਾਮ-ਧਰੀਕ ਸਿਖਾਂ ਨੂੰ ਆਪਣੀ ਨਾਮ-ਧਰੀਕ ਸਰਕਾਰ ਦਾ ਸਰਕਾਰੀ ਸਵਾਰਥੀ ਆਰਡਰ ਮੰਨਣਾ ਮੁਖ ਜਾਪਦਾ ਹੈ। ਸੱਚੀ ਸਰਕਾਰ ਦੇ ਸੱਚੇ ਹੁਕਮ ਨੂੰ ਤਾਂ ਹੀ ਤੇ ਉਹ ਪਿਠ ਦੇਈ ਫਿਰਦੇ ਹਨ। ਸਾਨੂੰ ਖ਼ਤਰਾ ਹੈ ਕਿ ਕਈ ਸਵਾਰਥ-ਪੇਸ਼ਾ ਸਿਖੜਿਆਂ ਦੀ ਨੌਬਤ ਏਥੇ ਤਾਈਂ ਨਾ ਪੁਜ ਜਾਵੇ ਕਿ ਅੱਜ ਕਲ੍ਹ ਦੀ ਨਾਸਤਕ ਲਹਿਰ ਵਿਚ ਰੁੜ੍ਹ ਕੇ ਨਿਰੇ ਨਾਸਤਕ ਹੀ ਨਾ ਬਣ ਬੈਠਣ। ਕਿਤੇ ਦਾੜ੍ਹੀ ਕੇਸਾਂ ਨੂੰ ਜਵਾਬ ਹੀ ਨਾ ਦੇ ਦੇਣ, ਜੈਸਾ ਕਿ ਅਨੇਕਾਂ ਹੁੱਦੇ ਦੇ ਗਾਹਕ ਮੁਲਾਜ਼ਮਾਂ, ਸਰਕਾਰੀ ਅਫ਼ਸਰਾਂ,



www.AKJ.Org

ਖ਼ਾਸ ਕਰ ਫੌਜੀ ਹੁੱਦੇਦਾਰਾਂ ਪ੍ਰਥਾਇ ਸੁਣਿਆ ਗਿਆ ਕਿ ਉਹ ਕੂੜਾਵੇ ਹੁੱਦਿਆਂ ਦੀ ਖ਼ਾਤਰ ਦਾੜ੍ਹੀ ਕੇਸ ਮੁਨਾਈ ਫਿਰਦੇ ਹਨ। ਕੂੜਾਵੀਆਂ ਕਪਤਾਨੀਆਂ, ਕਰਨੈਲੀਆਂ, ਜਰਨੈਲੀਆਂ ਓਹਨਾਂ ਦੇ ਕਿਸੇ ਕੰਮ ਨਹੀਂ ਆਉਣੀਆਂ, ਐਥੇ ਹੀ ਰਹਿ ਜਾਣਗੀਆਂ। ਗੁਰੂ ਕੀ ਦਰਗਾਹ ਵਿਚ ਓਹਨਾਂ ਨੂੰ ਐਸੇ ਧੱਕੇ ਪੈਣਗੇ ਕਿ ਕਿਸੇ ਕੂੜਾਵੀ ਸਰਕਾਰ ਦੀਆਂ ਸਫ਼ਾਰਸ਼ਾਂ ਨੇ ਕੰਮ ਨਹੀਂ ਸਾਰਨਾ, ਪਛਤਾਉਣਾ ਹੀ ਪਛਤਾਉਣਾ ਰਹਿ ਜਾਵੇਗਾ।

ਅਸਾਡਾ ਇਹ ਹਰਗਿਜ਼ ਯਕੀਨ ਨਹੀਂ ਕਿ ਹਰ ਪਰਕਾਰ ਦੇ ਦਾੜ੍ਹੀ ਚਾੜ੍ਹਨਹਾਰੇ ਸਿਖਾਂ ਦਾ ਸੁਪਨ ਮਾਤਰ ਵਿਚ ਵੀ ਐਸਾ ਖ਼ਿਆਲ ਹੈ। ਬਲਕਿ ਉਹਨਾਂ ਨੂੰ ਦਾੜ੍ਹੀ ਕੇਸਾਂ ਦੀ ਰਖਿਆ ਦਾ ਪੱਕਾ ਯਕੀਨ ਹੈ, ਓਹਨਾਂ ਨੂੰ ਦਾੜ੍ਹੀ ਮਰੋੜਨ ਮਚਕੋੜਨ ਦਾ ਦੇਖਾ ਦੇਖੀ ਰਿਵਾਜ ਪਿਆ ਹੋਇਆ ਹੈ। ਪਰੰਤੂ ਇਹ ਐਸਾ ਭੈੜਾ ਰਿਵਾਜ ਪਿਆ ਹੈ ਕਿ ਦਿਨੋ ਦਿਨ ਵਧਦਾ ਹੀ ਜਾਂਦਾ ਹੈ ਏਥੋਂ ਤਾਈਂ ਕਿ ਕਿਸੇ ਭੀ ਮਹਿਕਮੇ ਦਾ ਕੋਈ ਸਿਖ ਐਸਾ ਨਜ਼ਰ ਨਹੀਂ ਆਉਂਦਾ ਕਿ ਜੋ ਦਾੜ੍ਹੀ ਨਾ ਨਰੜਦਾ ਹੋਵੇ। ਸਾਨੂੰ ਬੜੇ ਅਫਸੋਸ ਨਾਲ ਇਹ ਗੱਲ ਕਹਿਣੀ ਪੈਂਦੀ ਹੈ ਕਿ ਕਈ ਇਕ ਐਸੇ ਸਿਖ ਭੀ ਹਨ ਜਿਨ੍ਹਾਂ ਦੀਆਂ ਜ਼ਨਾਨੀਆਂ ਨੂੰ ਆਪਣੇ ਪਤੀਆਂ ਦੀਆਂ ਚਾੜ੍ਹੀਆਂ ਦਾੜ੍ਹੀਆਂ ਹੀ ਚੰਗੀਆਂ ਲਗਦੀਆਂ ਹਨ।

ਜੱਥੇ ਵਿਚ ਐਸੇ ਕੇਸ ਭੀ ਪੇਸ਼ ਹੋਏ ਹਨ ਕਿ ਸਿੰਘਾਂ ਨੂੰ ਜਦੋਂ ਪੁਛਿਆ ਗਿਆ ਕਿ ਤੁਸੀਂ ਆਪਣੀਆਂ ਜ਼ਨਾਨੀਆਂ ਨੂੰ ਘਰ ਕਿਉਂ ਨਹੀਂ ਵਸਾਉਂਦੇ। ਤਾਂ ਓਹਨਾਂ ਨੇ ਸਪੱਸ਼ਟ ਉੱਤਰ ਦਿਤਾ ਕਿ ਉਹਨਾਂ ਦੀਆਂ ਜ਼ਨਾਨੀਆਂ ਇਹ ਚਾਹੁੰਦੀਆਂ ਹਨ ਕਿ ਕ ਲੇ ਵਾਲਾਂ ਨੂੰ ਘਰੜ ਮੁਨਾ ਦੇਣ ਤਾਂ ਅਸੀਂ ਓਹਨਾਂ ਦੇ ਵਸਾਂਗੀਆਂ। ਪਰੰਤੂ ਤਿਨ੍ਹਾਂ ਸਿਦਕੀ ਸਿੰਘਾਂ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਆਪਣੀਆਂ ਕੁਵੱਲੀਆਂ (ਬੇਧੀਆਂ) ਇਸਤ੍ਰੀਆਂ ਦੇ ਗੁਰਮਤਿ-ਹੀਣੇ ਤੇ ਮਨਮਤਿ-ਭਰੇ ਇਸ ਹੁਕਮ ਨੂੰ ਮੰਨਣ, ਤਾਂ ਤੇ ਤਿਨ੍ਹਾਂ ਦਾ ਤਿਆਗ ਹੀ ਓਹਨਾਂ ਨੂੰ ਭਲਾ ਜਾਪਿਆ। ਪੜਤਾਲ ਕਰਨ ਤੋਂ ਪਤਾ ਲਗਾ ਕਿ ਕਈਆਂ ਨੇ ਆਪਣੇ ਕਾਲੇ ਵਾਲ ਪੁਟ ਕੇ ਸਾਫ਼ ਕਰ ਛਡੇ ਸਨ। ਕਈ ਨਾਮ-ਧਰੀਕ ਸਿਖ ਸਿਖਣੀਆਂ ਇੰਦਰ ਬਾਗ਼ ਵਾਲੇ ਰੋਮਾਂ ਨੂੰ ਉਡਾ ਦੇਣਾ ਅਤੇ ਘਰੜ ਮੁਨਾ ਦੇਣਾ ਮਨਮਤਿ ਹੀ ਨਹੀਂ ਸਮਝਦੇ। ਜੋ ਕੱਚ-ਘਰੜ ਸਿਖ ਕੇਵਲ ਮਨ-ਮੰਨੀ ਸਰੀਰਕ ਸੁਹੱਪਣ ਖ਼ਾਤਰ ਦਾੜ੍ਹੀਆਂ ਦੀ ਬੇਅਦਬੀ ਕਰਦੇ ਹਨ, ਉਹ ਮਹਾਂ ਮਨਮਤੀਏ ਹਨ। ਦਾੜ੍ਹੀਆਂ ਸੋਹਣੀਆਂ ਲਗਣ ਲਈ ਚੜ੍ਹਾਉਣਾ, ਮਰੋੜਨਾ ਮਚਕੋੜਨਾ ਭਾਰੀ ਮਨਮਤਿ ਹੈ।

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ .....੧॥ (੪॥੬)

[ਸੋਰਠਿ ਮ: ੩, ਪੰਨਾ ੬੦੧-੦੨

ਗੁਰਵਾਕ ਦੇ ਭਾਵ ਅਨੁਸਾਰ ਨਿਤ ਨਵੇਂ ਦਿਨ ਅਤੇ ਨਵੇਂ ਸਿਰੇ ਦਾੜ੍ਹੀਆਂ ਮੁੰਨਣ ਵਾਲੇ ਪ੍ਰਾਣੀ ਵਾਹਿਗੁਰੂ ਦਾ ਭਾਣਾ ਛਡ ਕੇ ਨਿਰਾ ਆਪਣੇ ਮਨ ਦਾ ਮਤਾ ਮੰਨ ਕੇ ਚਲਣਹਾਰੇ ਮਨਮੁਖ ਵਿਛੁੜਿ ਚੋਟਾਂ ਖਾਵਣਹਾਰ ਪ੍ਰਾਣੀ ਹਨ। ਜੋ ਸਚਿਆਰ ਸਿਖ ਗੁਰੂ ਵਾਹਿਗੁਰੂ ਦਾ ਭਾਣਾ ਸਤਿ ਸਤਿ ਕਰਕੇ ਮੰਨਦੇ ਹਨ ਉਹ ਕਦੇ ਭੀ ਵਾਹਿਗੁਰੂ ਦੇ ਭਾਣੇ ਤੋਂ ਉਲਟ ਦਾੜ੍ਹੀਆਂ ਕੇਸਾਂ ਦਾ ਮੁੰਡਨ ਨਹੀਂ ਕਰਾਉਂਦੇ।

ਓਹੀ ਗੁਰੂ ਦੇ ਸੇਵਕ ਸਿਖ ਹਨ ਜੋ ਗੁਰਬਾਣੀ ਰਾਹੀਂ ਆਇਆ ਹਰ ਇਕ ਹੁਕਮ ਸਤਿ ਸਤਿ ਕਰ ਮੰਨਦੇ ਹਨ। ਖਿਨ ਖਿਨ ਸੁਆਸਿ ਸੁਆਸਿ ਨਾਮ ਅਭਿਆਸ ਸਿਮਰਨ ਕਰਨਾ, ਖ਼ਾਸ ਮਖ਼ਸੂਸੀ ਗੁਰੂ ਵਾਹਿਗੁਰੂ ਨੂੰ ਦਿਨ ਰਾਤਿ ਸੇਵਨਾ ਹੈ। ਇਸ ਪ੍ਰਕਾਰ ਸੇਵਨਹਾਰ ਗੁਰੂ ਕੇ ਸਿਖ ਦਿਨੇ ਰਾਤ ਅਨੰਦ ਵਿਗਾਸ ਵਿਚ ਹੀ ਰਹਿੰਦੇ ਹਨ। ਸੱਚੀਆਂ ਗੁਰਮੁਖੀ ਦਾੜ੍ਹੀਆਂ ਵਾਲੇ ਗੁਰੂ ਨਾਨਕ ਸਾਹਿਬ ਦੇ ਘਰ ਦੇ ਲਾਲ ਹੀ ਸੋਹਣੇ ਮੁਖੜੇ ਵਾਲੇ ਹਨ, ਅਜਿਹੇ ਗੁਰੂ ਕੇ ਲਾਲ ਸੱਚੇ ਵਾਹਿਗੁਰੂ ਦੀ ਦਰਗਾਹ ਵਿਖੇ ਪ੍ਰਗਟ ਪਹਾਰੇ ਗੁਰਮੁਖ ਜਾਪਦੇ ਹਨ। ਓਹਨਾਂ ਦੇ ਚੇਹਰੇ ਉਤੇ ਸੱਚੀਆਂ ਗੁਰਮੁਖੀ ਦਾੜ੍ਹੀਆਂ ਸੋਹੰਦੀਆਂ ਹਨ ਅਤੇ ਮੁਖੋਂ ਸੱਚੇ ਵਾਹਿਗੁਰੂ ਦਾ ਸੱਚਾ ਨਾਮੁ ਖਿਨ ਖਿਨ ਉਚਾਰਨ ਕਰਦੇ ਰਹਿੰਦੇ ਹਨ। ਤਿਨ੍ਹਾਂ ਦੇ ਗੁਰਮੁਖੀ ਮੁਖਾਰਬਿੰਦ ਵਿਚੋਂ ਸੱਚ ਨਾਮ ਦਾ ਅਕਸੀਰ-ਰਸੈਣੀ-ਸਿਮਰਨ ਵੀ ਸ੍ਵਾਸਿ ਸ੍ਵਾਸਿ ਉਚਾਰਨ ਹੁੰਦਾ ਰਹਿੰਦਾ ਹੈ। ਉਹ ਹਰ-ਦਮ ਸੱਚੇ ਨਾਮ ਦੀਆਂ ਅਭਿਆਸ-ਕਮਾਈਆਂ ਕਰਦੇ ਰਹਿੰਦੇ ਹਨ। ਓਹਨਾਂ ਦੇ ਹਿਰਦੇ ਅੰਦਰ ਗੁਰਮਤਿ ਰੂਪੀ ਸੱਚਾ 'ਵਾਹਿਗੁਰੂ' ਸ਼ਬਦ ਹੀ ਵਸਿਆ ਰਹਿੰਦਾ ਹੈ, ਜਿਸ ਸ਼ਬਦ ਗੁਰਮੰਤਰ ਦੇ ਖਿਨ ਖਿਨ



www.AKJ.Org

ਅੰਦਰਿ ਰਸੇ ਰਹਿਣ ਕਰਕੇ ਉਹ ਸਦਾ ਸਤਿਗੁਰੂ ਗੁਰੂ ਵਾਹਿਗੁਰੂ ਦੇ ਸੱਚੇ ਸਰੂਪ ਵਿਖੇ ਹੀ ਸਮਾਏ ਰਹਿੰਦੇ ਹਨ। ਸੱਚੇ ਨਾਮ ਦੀ ਪੂੰਜੀ ਦੇ ਸੱਚੇ ਗਾਹਕ ਹੋਣ ਕਰਕੇ ਉਹ ਸੱਚੀ ਰਾਸੀ ਵਾਲੇ ਸਦਾਉਂਦੇ ਹਨ, ਸੱਚਾ ਨਾਮ ਰੂਪੀ ਧਨ ਹੀ ਓਹਨਾਂ ਦੇ ਪਲੇ ਪਿਆ ਰਹਿੰਦਾ ਹੈ। ਇਸ ਕਰਕੇ ਗੁਰੂ ਘਰ ਦੇ ਗੁਰਮੁਖੀ ਦਾੜ੍ਹੀਆਂ ਵਾਲੇ ਗੁਰਮੁਖ ਜਨ ਉਤਮ ਪਦਵੀ ਪਾਉਣ ਵਾਲੇ ਹਨ। ਓਹਨਾਂ ਦੇ ਸਰਵਣਾਂ (ਕੰਨਾਂ) ਅੰਦਰ ਸੱਚੇ ਨਾਮ ਦੀ ਧੁਨੀ ਹੀ ਖਿਨ ਖਿਨ ਪੈਂਦੀ ਸੁਣਾਈ ਦੇਂਦੀ ਹੈ, ਕਿਉਂਕਿ ਮਨ ਬਚਨ ਕਰਮ ਕਰਕੇ ਓਹਨਾਂ ਦੀ ਸ਼ਰਧਾ, ਅੰਤਰੀਵੀ ਸਿਦਕ ਭਾਵਣੀ ਨਾਮ ਸਿਮਰਨ ਵਿਖੇ ਹੀ ਜੰਮੀ ਰਹਿੰਦੀ ਹੈ। ਇਸ ਕਰਕੇ ਓਹ ਨਾਮ ਜਪਣ ਵਾਲੀ ਹੀ ਸੱਚੀ ਕਾਰ ਕਮਾਉਂਦੇ ਹਨ। ਤਿਨ੍ਹਾਂ ਗੁਰਮੁਖ ਜਨਾਂ ਦਾ ਹੀ ਵਾਹਿਗੁਰੂ ਦੀ ਸੱਚੀ ਦਰਗਾਹ ਵਿਚ ਸਸ਼ੋਭਤ ਹੋਣਾ ਸੋਂਹਦਾ ਹੈ ਅਤੇ ਸੱਚੇ ਵਾਹਿਗੁਰੂ ਦੇ ਸਰੂਪ ਵਿਚ ਕੇਵਲ ਤਿਨ੍ਹਾਂ ਗੁਰਮੁਖ ਜਨਾਂ ਦੀ ਹੀ ਸਮਾਈ ਹੁੰਦੀ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਸੱਚੇ ਸਤਿਗੁਰੂ ਬਾਝੋਂ ਅਜਿਹਾ ਸੱਚਾ ਨਾਮ ਵਾਹਿਗੁਰੂ ਕਦੇ ਭੀ ਪ੍ਰਾਪਤ ਨਹੀਂ ਹੁੰਦਾ। ਜੋ ਮਨਮੁਖ ਲੋਗ ਗੁਰੂ ਵਾਹਿਗੁਰੂ ਦੇ ਗੁਰਬਾਣੀ ਅੰਦਰ ਵਿਦਤਾਏ ਹੁਕਮਾਂ ਤੋਂ ਮੁਨਹਰਫ਼ (ਮਨੁਕਰ) ਰਹਿੰਦੇ ਹਨ, ਉਹ ਸਦਾ ਹੀ ਭਰਮ-ਜਾਲ ਵਿਚ ਫਸੇ ਹੋਏ ਭੁਲੇ ਹੀ ਰਹਿੰਦੇ ਹਨ ਅਤੇ ਭਰਮ-ਭੁਲੇ ਹੀ ਚਲੇ ਜਾਂਦੇ ਹਨ।

ਇਹ ਲਿਖਤ ਉਪਰਲੇ ਮੁਢ ਵਿਚ ਦਿਤੇ ਗੁਰ ਸ਼ਬਦ ਦੀ ਤੱਤ ਵਿਆਖਿਆ ਹੈ। ਸਾਰੇ ਸ਼ਬਦ ਦਾ ਭਾਵ ਇਹੋ ਹੀ ਹੈ ਕਿ ਗੁਰਮੁਖੀ ਖੁਲ੍ਹੀਆਂ ਦਾੜ੍ਹੀਆਂ ਵਾਲ ਗੁਰਮੁਖਾਂ ਦੀ ਕੀਤੀ ਕਮਾਈ ਹੀ ਸਫ਼ਲ ਹੁੰਦੀ ਹੈ। ਓਹੀ ਲੋਕ ਪਰਲੋਕ ਵਿਚ ਸੁਰਖ਼ਰੂ ਹੋ ਸਕਦੇ ਹਨ।

[ਪੁਸਤਕ 'ਗੁਰਮਤਿ ਵਿਚਾਰ' ਵਿਚੋਂ

# ਮੀਰੀ ਪੀਰੀ ਦਾ ਜਲਵਾ

[ ਸ: ਵਿਧਾਤਾ ਸਿੰਘ ਜੀ ਤੀਰ ]

ਇਲਾਹੀ ਸੀ, ਨਿਰਾਲਾ ਸੀ, ਸਖੀ ਸਰਕਾਰ ਦਾ ਜਲਵਾ।
ਉਦ੍ਹੇ ਜਲਵੇ ਤੋਂ ਸਦਕੇ ਸੀ, ਖਿੜੀ ਗੁਲਜ਼ਾਰ ਦਾ ਜਲਵਾ।

ਉਦ੍ਹੀ ਪੀਰੀ ਚਿ ਭਗਤੀ ਸੀ, ਉਦ੍ਹੀ ਮੀਰੀ ਚਿ ਸ਼ਕਤੀ ਸੀ,
ਜ਼ੁਲਮ ਦਾ ਖ਼ੂਨ ਪੀਂਦਾ ਸੀ, ਉਦ੍ਹੀ ਤਲਵਾਰ ਦਾ ਜਲਵਾ।

ਉਦ੍ਹੇ ਸਿਰ ਸੋਭਦੀ ਕਲਗੀ, ਉਦ੍ਹੇ ਹੱਥ ਬਾਜ਼ ਫਬਦਾ ਸੀ,
ਸੀ ਦਿਲ ਧੂੰਹਦਾ ਸਵਾਰਾਂ ਦੇ, ਮੇਰੇ ਦਾਤਾਰ ਦਾ ਜਲਵਾ।

ਜਨਮ-ਜਨਮਾਂਤਰਾਂ ਤੋਂ ਜੋ, ਖੁੜੇ-ਥਿੜਕੇ ਡੁਬਦੇ ਸੀ,
ਨਿਪੁੱਤੇ ਔਂਤਰੇ ਫੜ ਫੜ, ਗ਼ਮੋਂ ਸੀ ਤਾਰਦਾ ਜਲਵਾ।

ਉਦ੍ਹੇ ਨੈਣਾਂ ਚੋਂ ਵਹਿੰਦੀ ਸੀ, ਪਵਿੱਤਰ ਧਾਰ ਗੰਗਾ ਦੀ,
ਗੁਰੂ ਅਰਜਨ ਦਾ ਉਸ ਅੰਦਰੋਂ, ਸੀ ਲਹਿਰਾਂ ਮਾਰਦਾ ਜਲਵਾ।

ਜਮਾਂ ਦੀ ਜਾਨ ਛਹਿੰਦੀ ਸੀ, ਜਦੋਂ ਤਲਵਾਰ ਚੁਕਦਾ ਸੀ,
ਰਣਾਂ ਦੀਆਂ ਰੌਣਕਾਂ ਬਣਦਾ, ਉਦ੍ਹੀ ਲਲਕਾਰ ਦਾ ਜਲਵਾ।

ਦੁਰੰਗਾ ਸੀ, ਦੋ-ਰੂਪਾ ਸੀ, ਦੋ-ਪਾਸਾ ਸੀ, ਦੋ-ਅਸਰਾ ਸੀ,
ਜ਼ੁਲਮ ਨੂੰ ਸਾੜਦਾ ਹੈ ਸੀ, ਧਰਮ ਸੀ ਠਾਰਦਾ ਜਲਵਾ।

ਸੜੀ ਸਖਣੀ ਸੁਲੱਖਣੀ ਦੀ, ਹਰੀ ਅੰਦਰ ਇਉਂ ਕੂਕੀ :
ਮੈਂ ਸਤ-ਪੁੱਤਰੀ ਦੇ ਪੁਤਰਾਂ ਚੋਂ, ਦਿਸੇ ਦਾਤਾਰ ਦਾ ਜਲਵਾ।

ਸਦੀ ਭਰ ਦੇ ਬੁਢਾਪੇ ਨੇ, ਕਿਹਾ ਗਾ ਗਾ ਸ੍ਰੀ ਨਗਰੋਂ,
ਜਵਾਨੀ ਦੇ ਗਿਆ ਮੈਨੂੰ, ਤੇਰੇ ਦੀਦਾਰ ਦਾ ਜਲਵਾ।

ਉਦ੍ਹੇ ਜਾਮੇ ਚਿ ਜਾਂ ਵੇਖੇ, 'ਬਵੰਜਾ' ਆਸਰੇ ਲਮਕੇ,
ਪਿਆ ਪੈਰੀਂ ਨਿਵਾ ਕਲਗੀ, ਤਾਂ ਬਾਈਧਾਰ ਦਾ ਜਲਵਾ।

ਉਦ੍ਹੇ ਹੱਥ ਵੇਖ ਲਏ ਜਿਸ ਨੇ, ਹੱਥੋਂ ਹਥਿਆਰ ਸੁਟ ਨਿਵਿਆਂ।
ਸੀ ਹਥਿਆਰਾਂ ਨਿਉਂ ਤਕਿਆ, ਉਦ੍ਹੇ ਹਥਿਆਰਦਾ ਜਲਵਾ

ਉਹ ਹਰਿ ਵੀ ਸੀ, ਗੋਬਿੰਦ ਵੀ ਸੀ, ਸੀ ਅਣਦਿਸਦਾ ਤੇ ਦਿਸਦਾ ਵੀ
ਕਿਧਰੇ 'ਤੀਰ' ਜੀਵਨ ਦੇ, ਸੀ ਪਰਲੇ ਪਾਰ ਦਾ ਜਲਵਾ।



www.AKJ.Org

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਪਹਿਲੀ ਜੰਗ

[ ਡਾਕਟਰ ਜਸਵੰਤ ਸਿੰਘ ਜੀ ਜਸ ]

੩੦ ਮਈ ਸੰਨ ੧੬੦੬ ਨੂੰ ਪੰਜਵੇਂ ਪਾਤਸ਼ਾਹ ਜੀ ਨੇ ਸ਼ਹੀਦੀ ਪ੍ਰਾਪਤ ਕਰਕੇ ਸੰਸਾਰ ਦੀ ਤਵਾਰੀਖ਼ ਵਿਚ ਵਿਚਾਰਾਂ ਦੇ ਪ੍ਰਗਟਾਵੇ ਅਤੇ ਧਾਰਮਿਕ ਆਜ਼ਾਦੀ ਦੀ ਪ੍ਰਾਪਤੀ ਲਈ ਇਕ ਨਵਾਂ ਮੀਲ-ਪੱਥਰ ਗੱਡਿਆ। ਉਪਰੰਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ,ਜਦੋਂ ਬਾਬਾ ਬੁੱਢਾ ਜੀ ਨੇ ਗੁਰਿਆਈ ਦਾ ਤਿਲਕ ਲਾਇਆ ਤਾਂ ਗੁਰੂ ਸਾਹਿਬ ਨੇ ਕਲਗੀ ਅਤੇ ਤਲਵਾਰ ਪਹਿਨਾਏ ਜਾਣ ਦਾ ਫ਼ੁਰਮਾਨ ਕੀਤਾ ਅਤੇ ਦੋ ਤਲਵਾਰਾਂ–ਇਕ ਮੀਰੀ ਦੀ ਅਤੇ ਇਕ ਪੀਰੀ ਦੀ ਧਾਰਨ ਕੀਤੀਆਂ । ਇਕ ਤਲਵਾਰ ਸੰਸਾਰਿਕ ਮਾਮਲਿਆਂ ਸੰਬੰਧੀ ਰਸਤਾ ਦਿਖਾਣ ਲਈ ਅਤੇ ਦੂਸਰੀ ਆਤਮਿਕ ਮੰਡਲਾਂ ਵਿਚ ਅਗਵਾਈ ਦੀ ਨਿਸ਼ਾਨੀ ਵਜੋਂ।

ਇਸ ਤੋਂ ਬਾਅਦ ਗੁਰੂ ਸਾਹਿਬ ਨੇ ਜ਼ਾਲਮ ਹਕੂਮਤ ਦਾ ਟਾਕਰਾ ਕਰਨ ਲਈ ਧਰਮੀ ਯੋਧਿਆਂ ਦੀ ਫੌਜ ਤਿਆਰ ਕਰਨ ਦੇ ਯਤਨ ਆਰੰਭ ਕੀਤੇ । ਇਸ ਸੰਧਰਭ ਵਿਚ ਆਪ ਜੀ ਨੇ ਅੰਮ੍ਰਿਤਸਰ ਵਿਚ ਲੋਹਗੜ੍ਹ ਦੇ ਕਿਲ੍ਹੇ ਦੀ ਉਸਾਰੀ ਕੀਤੀ । ਸੰਨ ੧੬੦੯ ਈ: ਵਿਚ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ, ਜਿਥੇ ਬੈਠ ਆਪ ਸੰਗਤਾ ਨੂੰ ਉਪਦੇਸ਼ ਕਰਦੇ ਅਤੇ ਜਿਥੇ ਵੱਡੇ ਦੀਵਾਨ ਲਗਦੇ ਅਤੇ ਬੀਰ-ਰਸ ਨਾਲ ਭਰਪੂਰ ਢਾਡੀ ਵਾਰਾਂ ਗਾਉਂਦੇ। ਗੁਰੂ ਸਾਹਿਬ ਦੇ ਹੁਕਮਨਾਮੇ ਜਾਣ ਕਰਕੇ ਜਿਥੇ ਹਰ ਪਾਸੇ ਤੋਂ ਭਿੰਨ ਭਿੰਨ ਪ੍ਰਕਾਰ ਦੇ ਸ਼ਸਤਰ ਅਤੇ ਸੁੰਦਰ ਘੋੜੇ ਗੁਰੂ ਸਾਹਿਬ ਦੀ ਸੇਵਾ ਵਿਚ ਪੁਜਣ ਲਗੇ, ਉਥੇ ਬਹੁਤ ਸਾਰੇ ਬੀਰ ਸਿਪਾਹੀ ਤੇ ਪਹਿਲਵਾਨ ਵੀ ਗੁਰੂ ਸਾਹਿਬ ਦੀ ਯੁਧ ਮਰਯਾਦਾ ਚਲਾਉਣ ਅਤੇ ਸਖ਼ਾਵਤ ਦੀ ਧਾਂਕ ਸੁਣ ਮਹਾਰਾਜ ਪਾਸ ਆਉਣ ਲਗੇ। ਸਭ ਤੋਂ ਪਹਿਲਾਂ ਸਤਿਗੁਰੂ ਨੇ ਬਵੰਜਾ ਚੋਣਵੇਂ ਸੂਰਮੇ ਆਪਣੇ ਨਿੱਜੀ ਗਾਰਦ ਦੇ ਤੌਰ ਤੇ ਰਖੇ ਤੇ ਇਸ ਤਰ੍ਹਾਂ ਉਨ੍ਹਾਂ ਨੇ ਸਿੱਖਾਂ ਦੇ ਫੌਜੀ ਬਲ ਦੀ ਬੁਨਿਆਦ ਰੱਖ ਦਿੱਤੀ। ਥੋੜ੍ਹੇ ਦਿਨਾਂ ਦੇ ਵਿਚ ਹੀ ਮਾਝੇ, ਦੁਆਬੇ ਅਤੇ ਮਾਲਵੇ ਵਿਚੋਂ ਪੰਜ ਸੌ ਸੂਰਬੀਰ ਸਤਿਗੁਰਾਂ ਦੇ ਚਰਨਾਂ ਵਿਚ ਧਰਮ ਉਪਦੇਸ਼ ਲੈਣ ਲਈ ਹਾਜ਼ਰ ਹੋਏ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪ੍ਰਵਾਨ ਕਰਕੇ ਹਰੇਕ ਨੂੰ ਸ਼ਸਤਰ ਅਤੇ ਘੋੜਾ ਮੁਹੱਈਆ ਕੀਤਾ ਅਤੇ ਸੌ ਸੌ ਸਵਾਰਾਂ ਦੇ ਪੰਜ ਜਥੇਦਾਰ, ਮੁਖੀ ਸਿਖਾਂ ਭਾਈ ਬਿਧੀ ਚੰਦ, ਪਿਰਾਣਾ, ਜੇਠਾ, ਪਿਆਰਾ ਅਤੇ ਲੰਗਾਹ ਨੂੰ ਥਾਪਿਆ । ਗੁਰੂ ਸਾਹਿਬ ਅੰਮ੍ਰਿਤ ਵੇਲੇ ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਸੁਣਨ ਦੇ ਬਾਅਦ ਮੱਥਾ ਟੇਕ ਸ੍ਰੀ ਅਕਾਲ ਤਖਤ ਸਾਹਿਬ ਆਣ ਸਜਦੇ ਅਤੇ ਸਿੱਖ ਸੰਗਤਾਂ ਨੂੰ ਧਰਮ ਯੁੱਧਾਂ ਵਿਚ ਕੁਰਬਾਨੀਆਂ ਕਰਨ ਦੇ ਲਈ ਪ੍ਰੇਰਦੇ। ਇਸਦੇ ਨਾਲ ਹੀ ਨੇਜ਼ੇ-ਬਾਜ਼ੀ ਤੇ ਘੋੜ-ਸਵਾਰੀ ਦੇ ਕਰਤਬ ਜ਼ੋਰ ਸ਼ੋਰ ਨਾਲ ਸਿਖਾਏ ਜਾਣ ਲਗੇ।

ਇਸੇ ਦੌਰਾਨ ਸੰਨ ੧੬੨੭ ਵਿਚ ਜਹਾਂਗੀਰ ਦਾ ਦੇਹਾਂਤ ਹੋ ਗਿਆ ਤੇ ਸ਼ਾਹ ਜਹਾਨ, ਜੋ ਕਿ ਦੱਖਣ ਵਿਚ ਸੀ, ਜਨਵਰੀ ੧੬੨੮ ਈ: ਵਿਚ ਆਗਰੇ ਆ ਕੇ ਤਖ਼ਤ ਤੇ ਬੈਠਾ । ਗੁਰੂ ਸਾਹਿਬ ਦੀ ਵਧ ਰਹੀ ਸ਼ਾਨੋ-ਸ਼ੌਕਤ ਅਤੇ ਫੌਜੀ ਸ਼ਕਤੀ ਨੂੰ ਦੇਖਦਿਆਂ ਹੋਇਆਂ ਅਤੇ ਇਸ ਤੇ ਨਿਗਰਾਨੀ ਰਖਣ ਦੇ ਲਈ ਲਾਹੌਰ ਵਿਚ, ਲਾਹੌਰ ਦੇ ਸੂਬੇ ਦੀ ਫੌਜ ਤੋਂ ਇਲਾਵਾ, ਇਕ ਖ਼ਾਸ ਫੌਜ ਮੁਖਲਸ ਖਾਂ ਦੀ ਕਮਾਨ ਹੇਠ, ਬਾਦਸ਼ਾਹ ਨੇ ਟਿਕਾਈ ਹੋਈ ਸੀ, ਜੋ ਹਮੇਸ਼ਾ ਸ਼ਰਾਰਤ ਦੀ ਤਾਕ ਵਿਚ ਰਹਿੰਦੀ ਸੀ । ਸ਼ਾਹ ਜਹਾਨ ਦੇ ਬਾਦਸ਼ਾਹ ਬਨਣ ਦੇ ਬਾਅਦ ਗੁਰੂ ਘਰ ਦੇ ਵਿਰੋਧੀਆਂ ਦਾ ਮਨੋਬਲ ਵਧ ਗਿਆ ਅਤੇ ਇਹ ਫੌਜ ਗੁਰੂ ਸਾਹਿਬ ਦੇ ਨਾਲ ਝੜਪ ਲੈਣ ਲਈ, ਗੁਰੂ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਦੇ ਲਈ ਉਤਾਵਲੀ ਹੋ ਉੱਠੀ।

ਆਖ਼ਿਰ ਉਹ ਮੌਕਾ ਵੀ ਆ ਗਿਆ । ਇਕ ਵਾਰ ਮੁਖ਼ਲਸ ਖਾਂ ਲਾਹੌਰ ਅਤੇ ਅੰਮ੍ਰਿਤਸਰ ਦੇ ਵਿਚਕਾਰਲੇ ਜੰਗਲੀ ਇਲਾਕੇ ਵਿਚ ਸ਼ਿਕਾਰ ਖੇਡਣ ਆਇਆ ਹੋਇਆ ਸੀ । ਇਸੇ ਵਕਤ ਹੀ ਗੁਰੂ ਸਾਹਿਬ ਵੀ ਇਸੇ ਜੰਗਲ ਵਿਚ ਆਪਣੇ ਸਿੱਖਾਂ ਨਾਲ ਸ਼ਿਕਾਰ ਖੇਡਣ ਨਿਕਲੇ ਹੋਏ ਸਨ । ਮੁਖ਼ਲਸ ਖ਼ਾਂ ਦਾ ਸਫ਼ੈਦ ਬਾਜ਼ ਉਸ ਦੇ ਮੁਖ ਸ਼ਿਕਾਰੀ ਦੇ ਪਾਸੋਂ ਉਡ ਕੇ ਇਸੇ ਦੌਰਾਨ ਉਧਰ ਆ ਬੈਠਾ ਜਿਧਰ ਸਿੱਖ ਸ਼ਿਕਾਰ ਖੇਡਣ ਲਈ ਆਏ ਹੋਏ ਸਨ। ਕਾਫ਼ੀ ਦੇਰ



www.AKJ.Org

ਜਦ ਕੋਈ ਬਾਜ਼ ਦਾ ਵਾਰਸ ਨਾ ਪਹੁੰਚਿਆ ਤਾਂ ਗੁਰੂ ਜੀ ਦੇ ਸ਼ਿਕਾਰੀਆਂ ਨੇ ਇਸ ਨੂੰ ਲਾਵਾਰਸ ਜਾਨਵਰ ਸਮਝ ਕੇ ਪਕੜ ਲਿਆ। ਬਾਅਦ ਵਿਚ ਜਦ ਮੁਖ਼ਲਸ ਖਾਂ ਦੇ ਆਦਮੀ ਪੁੱਜੇ ਅਤੇ ਬਾਜ਼ ਤੇ ਅਧਿਕਾਰ ਜਮਾਇਆ ਤਾਂ ਗੁਰੂ ਜੀ ਦੇ ਸ਼ਿਕਾਰੀਆਂ ਨੇ ਇਹ ਕਿਹਾ ਕਿ ਇਹ ਬਾਜ਼ ਜੰਗਲ ਵਿਚੋਂ ਲਾਵਾਰਸ ਪਕੜਿਆ ਗਿਆ ਹੈ, ਸੋ ਸ਼ਿਕਾਰੀਆਂ ਦੀ ਰਿਵਾਇਤ ਅਨੁਸਾਰ ਇਹ ਸਿੱਖਾਂ ਦਾ ਹੈ। ਜਦ ਮੁਖ਼ਲਸ ਖਾਂ ਦੇ ਸ਼ਿਕਾਰੀਆਂ ਨੇ ਰੁਹਬ ਦਾਬ ਪਾ ਕੇ ਸਿੱਖਾਂ ਨੂੰ ਧਮਕਾਇਆ ਤੇ ਸ਼ਾਹੀ ਧਾਂਕ ਦਾ ਦਬਕਾ ਮਾਰਿਆ ਤਾਂ ਸਿੱਖਾਂ ਨੇ ਤਹਿਸ਼ ਵਿਚ ਆ ਕੇ ਬਾਜ਼ ਵਾਪਸ ਕਰਨ ਤੋਂ ਨਾਂਹ ਕਰ ਦਿੱਤੀ।

ਮੁਖ਼ਲਸ ਖ਼ਾਂ ਦੇ ਬੰਦੇ ਲਾਹੌਰ ਵਾਪਸ ਗਏ ਅਤੇ ਅੰਮ੍ਰਿਤਸਰ ਪਾਸ ਹੋਈ ਗਲਬਾਤ ਨੂੰ ਹੋਰ ਵਧਾ ਚੜ੍ਹਾ ਕੇ ਪੇਸ਼ ਕੀਤਾ ਅਤੇ ਮੁਖ਼ਲਸ ਖ਼ਾਂ ਦੇ ਕੰਨ ਭਰੇ। ਮੁਖ਼ਲਸ ਖਾਂ ਪਹਿਲਾਂ ਹੀ ਕੋਈ ਬਹਾਨਾ ਭਾਲ ਰਿਹਾ ਸੀ ਅਤੇ ਸੱਤ ਹਜ਼ਾਰ ਫੌਜ ਲੈ ਕੇ ਅੰਮ੍ਰਿਤਸਰ ਵਲ ਧਾ ਪਿਆ। ਗੁਰੂ ਸਾਹਿਬ ਨੇ ਭਾਈ ਭਾਨੇ ਨੂੰ ਸੈਨਾਪਤੀ ਥਾਪ ਮੁਖ਼ਲਸ ਖ਼ਾਂ ਦਾ ਟਾਕਰਾ ਕਰਨ ਲਈ ਭੇਜਿਆ ਅਤੇ ਭਾਈ ਸਾਹਿਬ ਦਾ ਟਕਰਾ, ਮੁਖ਼ਲਸ ਖਾਂ ਦੀਆਂ ਫੌਜਾਂ ਨਾਲ ਉਸ ਥਾਂ ਤੇ, ਜਿਥੇ ਅੱਜ ਕਲ੍ਹ ਖਾਲਸਾ ਕਾਲਜ ਅਤੇ ਪਿਪਲੀ ਸਾਹਿਬ ਵਾਕਿਆ ਹੈ, ਹੋ ਗਿਆ। ਭਾਈ ਭਾਨੇ ਦੀ ਮਦਦ ਲਈ ਸੂਰਬੀਰ ਸਿੱਖਾਂ ਦਾ ਇਕ ਜੱਥਾ ਭਾਈ ਬਿਧੀ ਚੰਦ ਦੀ ਅਗਵਾਈ ਵਿਚ ਅੱਗੇ ਵਧਿਆ। ਦੋਨੋਂ ਪਾਸੇ ਜ਼ਬਰਦਸਤ ਝੜਪਾਂ ਹੋਈਆਂ ਅਤੇ ਫੌਜਾਂ ਆਪਸ ਵਿਚ ਉਲਝ ਗਈਆਂ। ਘੋੜਿਆਂ ਦੇ ਸੁੰਮਾਂ ਦੇ ਨਾਲ ਉਠੀ ਗਰਦ ਵਜੋਂ ਹਨੇਰਾ ਛਾ ਗਿਆ, ਜਿਸ ਵਿਚ ਤਲਵਾਰ ਉਪਰ ਤਲਵਾਰ ਵਜਣ ਨਾਲ ਨਿਕਲਦੇ ਚੰਗਿਆੜੇ ਜੁਗਨੂੰ ਦੀ ਤਰ੍ਹਾਂ ਨਜ਼ਰ ਆਂਦੇ ਸਨ। ਸੂਰਮਿਆਂ ਨੇ ਪੂਰੇ ਤਾਣ ਦੇ ਨਾਲ ਜੌਹਰ ਦਿਖਾਏ ਅਤੇ ਕੁਝ ਦੇਰ ਬਾਅਦ ਮੁਗਲ ਫ਼ੌਜਾਂ ਦੇ ਪੈਰ ਖਿਸਕਣ ਲਗੇ ਤਾਂ ਮੁਖ਼ਲਸ ਖ਼ਾਂ ਨੇ ਅਗਲੇਰੇ ਦਸਤੇ ਦੇ ਸਰਦਾਰ ਸ਼ਮਸ ਖ਼ਾਂ ਦੀ ਮਦਦ ਲਈ ਅਨਵਰ ਖ਼ਾਂ ਨੂੰ ਭੇਜਿਆ, ਜਿਸ ਨੇ ਸ਼ਮਸ ਖ਼ਾਂ ਨੂੰ ਪਠਾਣਾਂ ਦੀ ਸੂਰਮਗਤੀ ਦਾ ਉਲੇਖ ਕਰਦਿਆਂ ਹੋਇਆਂ ਲੜ ਮਰਨ ਲਈ ਪ੍ਰੇਰਿਆ। ਸ਼ਮਸ ਖਾਂ ਨੇ ਰੋਹ ਵਿਚ ਆ ਆਪਣੀਆਂ ਫੌਜਾਂ ਸਿੱਖਾਂ ਦੇ ਉਪਰ ਦੂਗਣੇ ਜ਼ੋਰ ਨਾਲ ਚੜ੍ਹਾਈਆਂ। ਇਸੇ ਦੌਰਾਨ ਸ਼ਮਸ ਖਾਂ ਦੇ ਘੋੜੇ ਨੂੰ ਗੋਲੀ ਲੱਗਣ ਦੇ ਕਾਰਨ ਸ਼ਮਸ ਖਾਂ ਪੈਦਲ ਹੋ ਗਿਆ। ਭਾਈ ਭਾਨਾ ਜੀ ਨੇ ਵੀ ਆਪਣੇ ਘੋੜੇ ਤੋਂ ਛਲਾਂਗ ਲਗਾਈ ਅਤੇ ਸ਼ਮਸ ਖਾਂ ਨੂੰ ਮੁਕਾਬਲੇ ਲਈ ਵੰਗਾਰਿਆ। ਸ਼ਮਸ ਖਾਂ ਨੇ ਭਾਈ ਭਾਨਾ ਜੀ ਉਪਰ ਤਲਵਾਰ ਨਾਲ ਵਾਰ ਕੀਤਾ, ਜੋ ਉਨ੍ਹਾਂ ਨੇ ਢਾਲ ਉਪਰ ਲੈ ਕੇ ਬਚਾਅ ਕਰ ਲਿਆ। ਇਸ ਦੇ ਬਾਅਦ ਭਾਈ ਭਾਨਾ ਜੀ ਦੇ ਵਾਰ ਨਾਲ ਸ਼ਮਸ ਖਾਂ ਦਾ ਸਿਰ ਵੇਲ ਤੋਂ ਟੁੱਟੇ ਹੋਏ ਕੱਦੂ ਵਾਂਗ ਉੱਡ ਕੇ ਜ਼ਮੀਨ ਤੇ ਜਾ ਡਿੱਗਾ। ਆਪਣੇ ਸਰਦਾਰ ਨੂੰ ਡਿਗਦਿਆਂ ਦੇਖ ਕੇ ਮੁਗਲ ਫ਼ੌਜ ਗੁੱਸੇ ਨਾਲ ਕੰਬ ਉੱਠੀ ਅਤੇ ਭਾਈ ਭਾਨਾ ਜੀ ਵਲ ਧਾਹ ਪਈ। ਪਰ ਉਨ੍ਹਾਂ ਨੇ ਲਾਸਾਨੀ ਦਲੇਰੀ ਦਾ ਮੁਜ਼ਾਹਿਰਾ ਕਰਦਿਆਂ ਟਿੱਡੀ ਦਲ ਮੁਗਲ ਫੌਜ ਦਾ ਦੀਵਾਰ ਦੀ ਤਰ੍ਹਾਂ ਮੁਕਾਬਲਾ ਕੀਤਾ। ਇਸੇ ਦੌਰਾਨ ਦੋ ਗੋਲੀਆਂ ਉਨ੍ਹਾਂ ਦੇ ਸਰੀਰ ਨੂੰ ਵਿੰਨ੍ਹ ਗਈਆਂ ਅਤੇ ਉਹ ਪ੍ਰਮਾਤਮਾ ਦਾ ਜਾਪ ਕਰਦੇ ਹੋਏ ਰਣਭੂਮੀ ਵਿਚ ਬੀਰ-ਸੇਜਾ ਸੌਂ ਗਏ।

ਭਾਈ ਭਾਨਾ ਜੀ ਦੀ ਜਗ੍ਹਾ ਤੇ ਭਾਈ ਸਿੰਘਾ ਜੀ ਨੇ ਹੁਣ ਸਿੱਖਾਂ ਦੀ ਕਮਾਨ ਸੰਭਾਲੀ। ਉਧਰ ਸ਼ਮਸ ਖਾਂ ਦੀ ਜਗ੍ਹਾ ਮੁਖ਼ਲਸ ਖਾਂ ਨੇ ਮੁਹੰਮਦ ਅਲੀ ਨੂੰ ਇਕ ਹਜ਼ਾਰ ਸਿਪਾਹੀ ਦੇ ਕੇ ਅਗਾਂਹ ਤੋਰਿਆ। ਦੁਬਾਰਾ ਮਹਾਨ ਲੜਾਈ ਛਿੜੀ ਅਤੇ ਇਕ ਦੂਸਰੇ ਦੇ ਦੁਸ਼ਮਣਾਂ ਦੇ ਵਿਰੋਧੀ ਧਿਰਾਂ ਨੇ ਆਹੂ ਲਾਹਣੇ ਸ਼ੁਰੂ ਕਰ ਦਿਤੇ। ਜੇ ਸਿੱਖਾਂ ਨੇ ਮਹਾਨ ਸੂਰਮਗਤੀ ਦਿਖਾਈ ਤਾਂ ਮੁਹੰਮਦ ਅਲੀ ਨੇ ਵੀ ਪੂਰੀ ਵਾਹ ਲਾਈ। ਫੌਜਾਂ ਆਪਸ ਵਿਚ ਗੁਥਮ-ਗੁਥਾ ਸਨ ਕਿ ਮੁਹੰਮਦ ਅਲੀ ਨੇ ਭਾਈ ਸਿੰਘਾ ਉਪਰ ਦੋ ਗੋਲੀਆਂ ਚਲਾਈਆਂ, ਜੋ ਉਨ੍ਹਾਂ ਨੂੰ ਕੇਵਲ ਜ਼ਖਮੀ ਕਰਕੇ ਨਿਕਲ ਗਈਆਂ। ਇੰਨੇ ਨੂੰ ਭਾਈ ਸਿੰਘਾ ਜੀ ਕੁਝ ਸੰਭਲੇ ਅਤੇ ਜ਼ਖਮੀ ਹਾਲਤ ਦੇ ਵਿਚ ਹੀ ਇਕ ਐਸਾ ਤੀਰ ਚਲਾਇਆ ਜੋ ਮੁਹੰਮਦ ਅਲੀ ਦੀ ਛਾਤੀ ਨੂੰ ਚੀਰਦਾ ਹੋਇਆ ਲੰਘ ਗਿਆ। ਮੁਹੰਮਦ ਅਲੀ ਦੇ ਡਿਗਣ ਦੇ ਨਾਲ ਹੀ ਉਸ ਦੀ ਸੈਨਾ ਸਿੱਖਾਂ ਉਪਰ ਅੱਗੇ ਵਧ ਕੇ ਟੁੱਟ ਪਈ। ਲੜਾਈ ਇੰਨੀ ਜ਼ਬਰਦਸਤ ਸੀ ਕਿ ਸਿਪਾਹੀ ਆਪਸ ਵਿਚ ਹੀ ਹੱਥੋਪਾਈ ਤਕ ਜਾ ਅਪੜੇ। ਇਸੇ ਦੌਰਾਨ ਸਿੱਖਾਂ ਦੀ ਕਮਾਨ ਪੈਂਦੇ ਖਾਂ ਨੇ ਸੰਭਾਲੀ ਅਤੇ ਉਹ ਤੁਰਕ ਫੌਜ ਉਤੇ ਬਾਜ਼ ਦੀ ਤਰ੍ਹਾਂ ਉਮਡ ਪਿਆ। ਇਸੇ ਵਕਤ ਖ਼ੁਦ



www.AKJ.Org

ਸਤਿਗੁਰੂ ਜੀ ਮੈਦਾਨੇ-ਜੰਗ ਵਿਚ ਆਣ ਉਤਰੇ ਅਤੇ ਆਪਣੇ ਅਣਿਆਲੇ ਬਾਣਾਂ ਦੇ ਨਾਲ ਦੁਸ਼ਮਣ ਫੌਜ ਵਿਚ ਤਰਥੱਲੀ ਮਚਾ ਦਿੱਤੀ।

ਮੁਖਲਸ ਖਾਂ ਨੂੰ ਸਤਿਗੁਰੂ ਸਾਹਿਬ ਦੀ ਮੈਦਾਨ ਵਿਚ ਮੌਜੂਦਗੀ ਦਾ ਪਤਾ ਲਗਿਆ ਤਾਂ ਉਸ ਨੇ ਆਪਣੀ ਸਾਰੀ ਫੌਜ ਨੂੰ ਸਿੱਖਾਂ ਉਪਰ ਹਮਲਾ ਕਰਨ ਦਾ ਹੁਕਮ ਦਿੱਤਾ। ਨਾਲ ਹੀ ਉਸ ਨੇ ਫੌਜ ਨੂੰ ਵੰਗਾਰਦਿਆਂ ਹੋਇਆਂ ਆਖਿਆ ਕਿ ਗੁਰੂ ਸਾਡੇ ਘੇਰੇ ਵਿਚ ਆ ਗਿਆ ਹੈ। ਉਸ ਨੂੰ ਪਕੜ ਕੇ ਬਾਦਸ਼ਾਹ ਦੇ ਸਾਹਮਣੇ ਜਿਹੜਾ ਪੇਸ਼ ਕਰੇਗਾ, ਭਾਰੀ ਇਨਾਮ ਦਾ ਹੱਕਦਾਰ ਹੋਏਗਾ। ਮੁਖਲਸ ਖਾਂ ਦੀ ਵੰਗਾਰ ਨੇ ਆਪਣਾ ਰੰਗ ਦਿਖਾਇਆ ਅਤੇ ਤੁਰਕ ਸੈਨਾ ਚਾਰੇ ਦਿਸ਼ਾਵਾਂ ਤੋਂ ਰੋਹ ਖਾ ਕੇ ਅੱਗੇ ਵਧੀ। ਦੁਸ਼ਮਣ ਨੂੰ ਇਸ ਤਰ੍ਹਾਂ ਅਗਾਂਹ ਵਧਦਾ ਦੇਖ ਸਿੱਖਾਂ ਨੇ ਸਤਿਗੁਰਾਂ ਪਾਸ ਆਪਣੀ ਚਿੰਤਾ ਜ਼ਾਹਿਰ ਕੀਤੀ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਹੌਸਲਾ ਦਿੱਤਾ ਅਤੇ ਜੌਹਰ ਦਿਖਾਣ ਲਈ ਹੱਲਾਸ਼ੇਰੀ ਦਿੱਤੀ। ਗੁਰੂ ਸਾਹਿਬ ਤੋਂ ਆਸ਼ੀਰਵਾਦ ਪ੍ਰਾਪਤ ਕਰ ਕੇ ਪੈਂਦੇ ਖਾਂ, ਸ਼ਹੀਦ ਭਾਈ ਸਿੰਘੇ ਦਾ ਪੁੱਤਰ ਜਤੀ ਮਲ ਅਤੇ ਭਾਈ ਬਿਧੀ ਚੰਦ ਆਦਿ ਮੁਖੀ ਸਰਦਾਰਾਂ ਦੀ ਅਗਵਾਈ ਵਿਚ ਸਿੱਖ ਫੌਜ ਮੁਗਲ ਸੈਨਾ ਦੇ ਆਹੂ ਲਾਹੁਣ ਲੱਗੀ। ਐਸੀ ਨਜ਼ਦੀਕੀ ਝੜਪ ਹੋਈ ਕਿ ਆਪਣਾ ਪਰਾਇਆ ਪਤਾ ਕਰਨ ਵਿਚ ਮੁਸ਼ਕਲ ਪੇਸ਼ ਆਈ। ਜੇ ਗੁਰੂ ਜੀ ਦੇ ਸੂਰਮੇ—ਅਮੀਰਾ,ਗੋਪਾਲਾ, ਨਿਹਾਲਾ, ਪਿਆਰਾ, ਜੈਤਾ ਅਤੇ ਤੋਤਾ ਆਦਿ ਰਣ ਵਿਚ ਮਰ ਮਿਟਣ ਲਈ ਆਣ ਜੁਟੇ ਤਾਂ ਦੂਸਰੀ ਤਰਫੋਂ ਮੁਖਲਸ ਖਾਂ ਦੇ ਬਹਾਦਰ ਅਲੀ ਬੇਗ, ਦੀਦਾਰ ਅਲੀ, ਮੇਹਰ ਅਲੀ ਤੇ ਬਹਾਦਰ ਖ਼ਾਂ ਆਦਿ ਮੈਦਾਨ ਵਿਚ ਨਿਤਰੇ। ਬਹਾਦਰ ਖਾਂ ਤੇ ਉਸਦੇ ਦਸਤੇ ਦਾ ਕੰਮ ਤਮਾਮ ਕਰਦੇ ਹੋਏ ਭਾਈ ਤੋਤਾ, ਤਿਲੋਕਾ ਅਤੇ ਨਿਹਾਲਾ ਸ਼ਹੀਦੀਆਂ ਪ੍ਰਾਪਤ ਕਰ ਗਏ। ਜਦੋਂ ਮੁਗਲ ਸੈਨਾ ਦੇ ਪੈਰ ਹਿਲੇ ਤਾਂ ਮੁਖਲਸ ਖ਼ਾਂ ਨੇ ਉਨ੍ਹਾਂ ਨੂੰ ਨਮਕ ਹਲਾਲੀ ਦਾ ਵਾਸਤਾ ਦੇਂਦਿਆਂ ਹੋਇਆਂ ਅਤੇ ਗੁਰੂ ਸਾਹਿਬ ਨੂੰ ਇਕ ਸਧਾਰਨ ਫ਼ਕੀਰ ਦਸਦਿਆਂ ਹੋਇਆਂ ਖਤਮ ਕਰਨ ਲਈ ਵੰਗਾਰਿਆ। ਜਿਸ ਨੂੰ ਸੁਣ ਸਲਾਮਤ ਅਲੀ, ਜੰਗ ਬੇਗ, ਰਹੀਮ ਬੇਗ ਅਤੇ ਹੋਰ ਸੂਰਮੇ ਨਿਤਰੇ, ਜਿਨ੍ਹਾਂ ਨੂੰ ਭਾਈ ਬਿਧੀ ਚੰਦ ਅਤੇ ਪੈਂਦੇ ਖਾਂ ਦੀ ਕਮਾਨ ਹੇਠ ਲੜ ਰਹੇ ਸਿਰਲਥ ਸਿੱਖ ਸੂਰਬੀਰਾਂ ਨੇ ਲੋਹੇ ਦੇ ਚੰਨੇ ਚਬਾ ਦਿੱਤੇ। ਉਧਰ ਸ਼ਾਮ ਪੈ ਗਈ ਅਤੇ ਲੜਾਈ ਰੁਕ ਗਈ।

ਅਗਲੇ ਦਿਨ ਮੁਖ਼ਲਸ ਖਾਂ ਨੇ ਫੈਸਲਾ-ਕੁੰਨ ਲੜਾਈ ਕਰਨ ਦਾ ਤਹੱਈਆ ਕੀਤਾ। ਪੈਂਦੇ ਖਾਂ ਨੇ ਸਿਖ ਫ਼ੌਜ ਦੀ ਅਗਵਾਈ ਕੀਤੀ। ਪੈਂਦੇ ਖਾਂ ਨੇ ਚਾਹੇ ਬਥੇਰੀ ਵਾਹ ਲਾਈ, ਪਰ ਨਵੀਂ ਕੁਮਕ ਆ ਜਾਣ ਕਰਕੇ ਦਲੇਰ ਹੋਈ ਤੁਰਕੀ ਫੌਜ ਨੇ ਉਸ ਨੂੰ ਚਿੰਤਾਤੁਰ ਕਰ ਦਿੱਤਾ। ਇਸੇ ਦੌਰਾਨ ਸਤਿਗੁਰੂ ਜੀ ਆਪ ਮੈਦਾਨ ਵਿਚ ਆਏ ਤੇ ਫੌਜਾਂ ਦੇ ਹੌਸਲੇ ਵਧਣ ਕਰਕੇ ਮੁਗਲ ਫ਼ੌਜ ਵਿਚ ਘਬਰਾਹਟ ਪੈਦਾ ਹੋ ਗਈ। ਮੁਖਲਸ ਖ਼ਾਂ ਨੇ ਗੁਰੂ ਸਾਹਿਬ ਨੂੰ ਘੇਰ ਲੈਣ ਲਈ ਮੁਗਲ ਸਿਪਾਹੀਆਂ ਨੂੰ ਫੁਰਮਾਨ ਕੀਤਾ। ਗੁਰੂ ਸਾਹਿਬ ਦੇ ਨਾਲ ਜਤੀ ਮਲ, ਪੈਂਦੇ ਖ਼ਾਂ ਅਤੇ ਭਾਈ ਬਿਧੀ ਚੰਦ ਨੇ ਪੂਰੇ ਜ਼ੋਰ ਨਾਲ ਦੁਸ਼ਮਣ ਤੇ ਹੱਲਾ ਬੋਲ ਦਿਤਾ। ਸੁਲਤਾਨ ਬੇਗ ਭਾਈ ਬਿਧੀ ਚੰਦ ਹਥੋਂ ਮਾਰਿਆ ਗਿਆ। ਪੈਂਦੇ ਖ਼ਾਂ ਨੇ ਮੁਖਲਸ ਖਾਂ ਦੇ ਖਾਸ ਨਜ਼ਦੀਕੀ ਜਰਨੈਲ ਦੀਦਾਰ ਅਲੀ ਨੂੰ ਮੌਤ ਦੇ ਘਾਟ ਉਤਾਰ ਦਿਤਾ। ਮੁਖ਼ਲਸ ਖ਼ਾਂ ਆਪਣੇ ਸੂਰਬੀਰਾਂ ਦੀ ਮੌਤ ਤੋਂ ਭਿਆਨਕ ਗੁਸੇ ਵਿਚ ਭਰ ਉਠਿਆ ਅਤੇ ਆਪਣੀ ਫੌਜ ਨੂੰ ਚੀਰਦਾ ਹੋਇਆ ਸਤਿਗੁਰਾਂ ਦੇ ਸਾਹਮਣੇ ਜਾ ਖਲੋਤਾ। ਗੁਰੂ ਜੀ ਦੇ ਸਾਹਮਣੇ ਜਾ ਕੇ ਉਸ ਨੇ ਲਲਕਾਰ ਮਾਰੀ ਤੇ ਗਰਜਿਆ, "ਫੌਜਾਂ ਦੇ ਲਸ਼ਕਰ ਨੂੰ ਲੜਾਉਣ ਤੇ ਬਿਗਾਨੇ ਪੁੱਤਰ ਮਰਵਾਣ ਦੀ ਜਗ੍ਹਾ ਆਓ ਆਪਾਂ ਦੋਨੋਂ ਫ਼ੈਸਲਾ ਕਰ ਲਈਏ।" ਹਜ਼ੂਰ ਨੇ ਕਿਹਾ, "ਆ ਭਈ ਜਰਨੈਲਾ! ਜੀ ਆਇਆਂ ਨੂੰ।" ਸਰਦਾਰਾਂ ਨੂੰ ਆਪਸ ਵਿਚ ਜੁਟਣ ਦੇ ਸਮੇਂ ਦੇ ਰਿਵਾਜ ਮੁਤਾਬਿਕ ਫੌਜਾਂ ਆਪਣੀ ਆਪਣੀ ਜਗ੍ਹਾ ਤੇ ਰੁਕ ਗਈਆਂ।

ਪਹਿਲੇ ਤੀਰਾਂ ਦੀ ਲੜਾਈ ਹੋਈ ਤਾਂ ਸਤਿਗੁਰਾਂ ਦੇ ਬਾਣਾਂ ਨੇ ਮੁਖਲਸ ਖਾਂ ਦੇ ਘੋੜੇ ਨੂੰ ਜ਼ਖਮੀ ਕਰ ਦਿਤਾ। ਘੋੜਾ ਡਿਗ ਪੈਣ ਤੇ ਜਦ ਮੁਖ਼ਲਸ ਖਾਂ ਪੈਦਲ ਹੋਇਆ ਤਾਂ ਗੁਰੂ ਸਾਹਿਬ ਨੇ ਵੀ ਘੋੜੇ ਤੋਂ ਛਲਾਂਗ ਲਗਾ ਦਿਤੀ। ਮੁਖਲਸ ਖਾਂ ਨੇ ਸਤਿਗੁਰਾਂ ਨੂੰ ਕਿਹਾ ਕਿ ਤਲਵਾਰ ਢਾਲ ਦੀ ਲੜਾਈ ਕਰੋ ਅਤੇ ਜੇ ਸੂਰਮੇ ਹੋ ਤਾਂ ਤੀਰ ਕਮਾਨ ਛੱਡ ਦਿਓ। ਸਤਿਗੁਰਾਂ ਨੇ ਤੀਰ ਕਮਾਨ ਛੱਡ ਦਿਤਾ ਤਾਂ ਮੁਗਲ ਜਰਨੈਲ ਨੇ ਪੂਰੇ ਵੇਗ ਨਾਲ ਗੁਰੂ ਜੀ ਉਪਰ ਤਲਵਾਰ ਦਾ ਵਾਰ ਕੀਤਾ, ਜੋ ਗੁਰੂ ਸਾਹਿਬ ਨੇ ਪੈਂਤੜਾ ਬਦਲ ਕੇ ਖਾਲੀ ਕਰ ਦਿਤਾ। ਉਸ ਦਾ ਦੂਜਾ ਵਾਰ ਵੀ ਗੁਰੂ ਜੀ ਨੇ


www.AKJ.Org

ਢਾਲ ਤੇ ਰੋਕ ਲਿਆ। ਜਦ ਉਸ ਦੇ ਦੋ ਵਾਰ ਖਾਲੀ ਗਏ ਤਾਂ ਸਾਹਿਬਾਂ ਨੇ ਕਿਹਾ ਕਿ "ਹੁਣ ਅਸਾਡੀ ਵਾਰੀ ਹੈ। ਤਿਆਰ ਹੋ ਜਾ!" ਇਹ ਕਹਿੰਦਿਆਂ ਹੀ ਸਤਿਗੁਰਾਂ ਨੇ ਪਹਿਲੇ ਵਾਰ ਵਿਚ ਹੀ ਆਪਣਾ ਭਾਰੀ ਖੰਡਾ ਅਜਿਹੇ ਜ਼ੋਰ ਨਾਲ ਮੁਖਲਸ ਦੇ ਸਿਰ ਵਿਚ ਮਾਰਿਆ ਕਿ ਉਹ ਪਠਾਣ ਦੀ ਢਾਲ ਨੂੰ ਚੀਰਦਾ ਹੋਇਆ, ਸਿਰ ਦੇ ਵਿਚ ਦੀ ਲੰਘ, ਧੜ ਦੇ ਦੋ ਟੁਕੜੇ ਕਰ ਗਿਆ।

ਮੁਖਲਸ ਖ਼ਾਂ ਦੇ ਡਿਗਣ ਦੀ ਦੇਰ ਸੀ ਕਿ ਤੁਰਕ ਫੌਜ ਦੌੜ ਪਈ। ਸਿੱਖ ਫੌਜ ਦੌੜੇ ਜਾਂਦੇ ਦੁਸ਼ਮਣ ਦੇ ਮਗਰ ਹੋ ਗਈ। ਪਰ ਸਤਿਗੁਰਾਂ ਨੇ ਹੁਕਮ ਦਿੱਤਾ ਕਿ ਸਿਪਾਹੀਆਂ ਨੂੰ ਵਾਪਸ ਬੁਲਾ ਲਿਆ ਜਾਏ, ਚੂੰਕਿ ਭਜਿਆਂ ਦੇ ਮਗਰ ਅਸੀਂ ਨਹੀਂ ਜਾਣਾ। ਆਪਾਂ ਧਰਮ-ਯੁੱਧ ਕਰਨੇ ਹਨ, ਜਿਨ੍ਹਾਂ ਦੇ ਵਿਚ ਬੇ-ਹਥਿਆਰੇ, ਡਿਗੇ ਹੋਏ ਤੇ ਜ਼ਖ਼ਮੀ ਸ਼ਖਸ ਦੇ ਉਪਰ ਵਾਰ ਨਹੀਂ ਕਰਨਾ, ਦੌੜੇ ਜਾਂਦੇ ਦੁਸ਼ਮਣ ਨੂੰ ਨਹੀਂ ਮਾਰਨਾ, ਵੈਰੀ ਦੀ ਇੱਜ਼ਤ ਨੂੰ ਹੱਥ ਨਹੀਂ ਪਾਉਣਾ, ਤੇ ਲੜਾਈ ਵਿਚ ਪਹਿਲ ਨਹੀਂ ਕਰਨੀ। ਜਦ ਮੁਗਲ ਫੌਜ ਮੈਦਾਨ ਵਿਚੋਂ ਨੌਂ ਦੋ ਗਿਆਰਾਂ ਹੋ ਗਈ ਅਤੇ ਸਿਖ ਫੌਜ ਭਜਦੇ ਦੁਸ਼ਮਣ ਦੇ ਪਾਸਿਉਂ ਵਾਪਸ ਆ ਗਈ ਤਾਂ ਰਣ ਵਿਚ ਜੂਝੇ ਅਤੇ ਜ਼ਖਮੀ ਹੋ ਗਏ ਸੂਰਮਿਆਂ ਦੀ ਮਰਹਮ ਪੱਟੀ ਵਲ ਸਤਿਗੁਰਾਂ ਨਿਜੀ ਤਵੱਜੋ ਦਿਤੀ। ਗੁਰੂ ਸਾਹਿਬ ਪਹਿਲਾਂ ਲੋਹਗੜ੍ਹ ਵਲ ਗਏ, ਜਿਥੇ ਪੰਜੀ ਸਿੱਖਾਂ ਨੇ ਮੋਰਚਿਆਂ ਵਿਚ ਬੈਠ ਸ਼ਾਹੀ ਲਸ਼ਕਰ ਦਾ ਟਾਕਰਾ ਕੀਤਾ ਸੀ ਤੇ ਇਕ ਇਕ ਸਿੱਖ ਆਪਣੇ ਆਖ਼ਰੀ ਸਵਾਸ ਤਕ ਬੀਰ ਕਿਰਿਆ ਕਰਦਾ ਹੋਇਆ ਸ਼ਹੀਦ ਹੋਇਆ ਸੀ। ਇਹਨਾਂ ਵਿਚੋਂ ਭਾਈ ਮੋਹਨ ਤੇ ਗੁਪਾਲਾ, ਵੱਡੇ ਸੂਰਮੇ ਕਾਫੀ ਜ਼ਖਮੀ ਸਨ ਤੇ ਜੀਵਨ ਦੇ ਆਖਰੀ ਸਾਹਾਂ ਤੇ ਸਨ। ਗੁਰੂ ਸਾਹਿਬ ਨੇ ਇਹਨਾਂ ਦੀ ਬਹਾਦਰੀ ਤੇ ਭਾਰੀ ਪ੍ਰਸੰਨਤਾ ਦਾ ਪ੍ਰਗਟਾਵਾ ਕੀਤਾ ਅਤੇ ਉਹਨਾਂ ਨੂੰ ਗੋਦ ਵਿਚ ਲਿਆ ਅਤੇ ਵਰ ਮੰਗਣ ਲਈ ਆਖਿਆ ਤਾਂ ਇਹਨਾਂ ਨੇ ਕਿਹਾ ਕਿ ਸਾਡੀ ਖਾਹਿਸ਼ ਹੈ ਕਿ 'ਪ੍ਰਾਨ ਅੰਤ ਜਬ ਹੋਏ ਹਮਾਰੇ, ਤਬ ਸਤਿਗੁਰ ਨਿਜ ਨਿਕਟ ਨਿਹਾਰੇ।' ਭਾਵ ਜਦ ਸਾਡਾ ਅੰਤਮ ਸਮਾਂ ਹੋਏ ਤਾਂ ਆਪ ਸਾਡੇ ਰੂਬਰੂ ਰਹੋ। ਇਸ ਤਰ੍ਹਾਂ ਦੋਵੇਂ ਸਤਿਗੁਰਾਂ ਦੀ ਹਜ਼ੂਰੀ ਵਿਚ ਸਚਖੰਡ ਗਮਨ ਕੀਤੇ। ਇਸ ਤੋਂ ਬਾਅਦ ਸਤਿਗੁਰਾਂ ਨੇ ਉਥੇ ਹੀ ਅੰਗੀਠਾ ਤਿਆਰ ਕਰਵਾਇਆ ਤੇ ਸਾਰੇ ਮੈਦਾਨ ਵਿਚੋਂ ਸੂਰਬੀਰਾਂ ਦੇ ਸਰੀਰ ਇਕੱਠੇ ਕਰਵਾ, ਸਸਕਾਰ ਕਰਵਾਏ।

ਚਾਹੇ ਇਹ ਲੜਾਈ ਆਰੰਭ ਵਿਚ ਲਾਹੌਰ ਵਲੋਂ ਸ਼ਾਹੀ ਫੌਜਾਂ ਦੇ ਆਣ ਤੇ ਪਿਪਲੀ ਸਾਹਿਬ ਕੋਲ ਹੋਈ ਸੀ, ਪਰ ਸ਼ਹਿਰ ਦੀ ਘੇਰਾ-ਬੰਦੀ ਦੀ ਯੋਜਨਾ ਦੇ ਸਦਕਾ ਸ਼ਾਹੀ ਲਸ਼ਕਰ ਦੇ ਨਾਲ ਜ਼ਿਆਦਾ ਘਮਸਾਣ ਦਖਣ ਵਾਲੇ ਪਾਸੇ ਗਿਲਵਾਲੀ, ਚੱਬੇ ਤੇ ਚਾਟੀਵਿੰਡ ਦੇ ਪਾਸ ਪਿਆ। ਇਸ ਪਹਿਲੇ ਧਰਮ ਯੁਧ ਦੀ ਯਾਦ ਨੂੰ ਤਾਜ਼ਾ ਕਰਦਾ ਹੋਇਆ ਗੁਰਦੁਆਰਾ ਸੰਗਰਾਣਾ ਸਾਹਿਬ ਅੰਮ੍ਰਿਤਸਰੋਂ ਚਾਰ ਕੁ ਮੀਲ ਦਖਣ ਵਲ ਹੈ।


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਸੰਤ ਪਦ ਨਿਰਣਯ | ੬-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਰੰਗਲੇ ਸਜਣ ੭-੦੦ ਗੁਰਮਤਿ ਬਿਬੇਕ | ੭-੫੦ |
| ਅਣਡਿਠੀ ਦੁਨੀਆ | ੧੦-੦੦ | ਦਰਸ਼ਨ ਝਲਕਾਂ | ੫-੦੦ |
| ਵਾਹਿਗੁਰੂ ਸਿਮਰਨ | ੦-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਉਮਰ ਕੈਦੀ ਦਾ ਸੁਪਨਾ | ੦-੭੫ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਬਾਬਾ ਵੈਦ ਰੋਗੀਆਂ ਦਾ | ੦-੬੦ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |
| ਆਸਤਕ ਤੇ ਨਾਸਤਕ | ੦-੩੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਸਿੱਖੀ ਸਿਦਕ ਤੇ ਧਰਮ ਰੱਖਿਆ (ਕਾਵਿ) | ੦-੬੦ | ਜਥੇ ਦੇ ਸਿੰਘਾਂ ਦੀ ਦਾਸਤਾਨ (ਕਾਵਿ) | ੦-੮੦ |





www.AKJ.Org

# ਗੁਰਦੁਆਰਾ ਸ਼ਹੀਦਗੰਜ ਲਾਹੌਰ (ਪਾਕਿਸਤਾਨ)

[ ਸ: ਮਦਨ ਸਿੰਘ ਜੀ, ਬਰਮਿੰਘਮ, ਯੂ. ਕੇ. ]

ਗੁਰਦੁਆਰਾ ਸ਼ਹੀਦ ਗੰਜ ਲਾਹੌਰ ਦਾ ਮਸਲਾ ਇਕ ਵਾਰ ਫਿਰ ਗੰਭੀਰ ਰੂਪ ਧਾਰ ਗਿਆ ਹੈ। ਮੁਹੰਮਦ ਸਦੀਕ ਚੁਗਤਾਈ ਨੇ ਪਾਕਿਸਤਾਨ ਦੀ ਸ਼ਰਈ ਅਦਾਲਤ ਵਿਚ ੯ ਸਤੰਬਰ, ੧੯੮੬ ਨੂੰ ਇਹ ਲਿਖ ਕੇ ਦਰਖ਼ਾਸਤ ਕੀਤੀ ਹੈ ਕਿ "ਇਥੇ ਕਾਫ਼ਰਾਂ (ਸਿੱਖਾਂ) ਨੂੰ ਇਸਲਾਮ ਵਿਚ ਸ਼ਾਮਲ ਕਰਨ ਲਈ ਕਾਰਵਾਈ ਹੁੰਦੀ ਰਹੀ ਹੈ, ਇਸ ਲਈ ਇਸ ਥਾਂ ਪਰ ਮੁਸਲਮਾਨਾਂ ਨੂੰ ਇਸਲਾਮੀ ਕਾਰਵਾਈ ਕਰਨ ਦਾ ਹੱਕ ਦਿਤਾ ਜਾਵੇ..... ਆਦਿ।" ਭਾਵ ਕਿ ਗੁਰਦੁਆਰਾ ਸ਼ਹੀਦ ਗੰਜ, ਜਿਸ ਨੂੰ ਕਿ ਸ਼ਹੀਦ ਗੰਜ ਸਿੰਘਣੀਆਂ ਵੀ ਕਿਹਾ ਜਾਂਦਾ ਹੈ, ਲੰਡੇ ਬਾਜ਼ਾਰ ਲਾਹੌਰ ਵਿਚ ਸਥਾਪਤ ਹੈ, ਨੂੰ ਢਾਹ ਕੇ ਇਥੇ ਮਸੀਤ ਬਨਾਉਣ ਦੀ ਇਜਾਜ਼ਤ ਦਿੱਤੀ ਜਾਵੇ, ਕਿਉਂਕਿ ਇਹ ਜਗ੍ਹਾ ਮੁਸਲਮਾਨਾਂ ਲਈ ਇਤਿਹਾਸਕ ਹੈ। ਸ਼ਰਈ ਅਦਾਲਤ ਵਿਚ ਚਾਰ ਮੌਲਵੀਆਂ ਤੇ ਹਾਈ ਕੋਰਟ ਦੇ ਇਕ ਚੀਫ ਜਸਟਿਸ ਦੇ ਸਾਹਮਣੇ ਅੱਜ ਕਲ੍ਹ ਇਸ ਮਸਲੇ ਤੇ ਬਹਿਸ ਚਲ ਰਹੀ ਹੈ। ਸਿਖ ਇਤਿਹਾਸ ਵਿਚ ਇਹ ਗੁਰਦੁਆਰਾ ਇਕ ਵਿਸ਼ੇਸ਼ ਅਸਥਾਨ ਰਖਦਾ ਹੈ। ਥੋੜ੍ਹੇ ਲਫਜ਼ਾਂ ਵਿਚ ਇਸ ਗੁਰਦੁਆਰੇ ਦੇ ਇਤਿਹਾਸ ਦੀ ਜਾਣਕਾਰੀ ਸੰਗਤਾਂ ਲਈ ਬਹੁਤ ਲਾਹੇਵੰਦ ਹੋਵੇਗੀ।

੧੯੨੫ **ਦੇ** ਗੁਰਦੁਆਰਾ ਐਕਟ ਅਨੁਸਾਰ ਇਸ ਅਸਥਾਨ ਨੂੰ ਗੁਰਦੁਆਰਾ ਘੋਸ਼ਤ ਕੀਤਾ ਜਾ ਚੁੱਕਾ ਹੈ। ਮੀਰਮੰਨੂੰ ਤੇ ਜ਼ਕਰੀਆ ਖਾਨ ਦੇ ਰਾਜ ਪ੍ਰਬੰਧ ਸਮੇਂ ਇਹ ਜਗ੍ਹਾ ਜੇਲ੍ਹ ਹੁੰਦੀ ਸੀ। ਉਸ ਸਮੇਂ ਇਸ ਜੇਲ੍ਹ ਵਿਚ ਸਿੰਘਣੀਆਂ ਨੇ ਸਵਾ ਸਵਾ ਮਣ ਦੇ ਪੀਸਣ ਪੀਸੇ, ਖੰਨੀ ਖੰਨੀ ਰੋਟੀ ਤੇ ਗੁਜ਼ਾਰਾ ਕੀਤਾ, ਸ਼ੀਰਖ਼ੋਰ ਬੱਚਿਆਂ ਦੇ ਟੋਟੇ ਟੋਟੇ ਕਰਵਾ ਕੇ ਗਲਾਂ ਵਿਚ ਹਾਰ ਪੁਆਏ, ਪਤੀਬ੍ਰਤ ਤੇ ਸਿਖੀ ਧਰਮ ਨਹੀਂ ਹਾਰਿਆ। ਸਿਖ ਆਪਣੀ ਨਿੱਤ ਦੀ ਅਰਦਾਸ ਵਿਚ ਰੋਜ਼ ਹੀ ਇਸ ਘਲੂਘਾਰੇ ਨੂੰ ਯਾਦ ਕਰਦਾ ਹੈ। ਪੁਰਾਤਨ ਖੂਹ ਤੇ ਭੋਰਾ ਉਸ ਸਮੇਂ ਦੀ ਯਾਦ ਦਿਲਾਉਂਦਾ ਹੈ। ੧੯੩੨ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਲਾਹੌਰ ਨੇ ਇਸ ਜਗ੍ਹਾ ਦੀ ਸਫ਼ਾਈ ਕਰਵਾਈ ਸੀ। ਉਸ ਸਮੇਂ ਸਿੰਘਾਂ, ਸਿੰਘਣੀਆਂ ਤੇ ਬੱਚਿਆਂ ਦੇ ਬੇਅੰਤ ਪਿੰਜਰ ਤੇ ਹੱਡੀਆਂ ਦੇ ਦੱਬੇ ਹੋਏ ਢੇਰਾਂ ਦੇ ਢੇਰ ਨਿਕਲੇ ਸਨ, ਜਿਨ੍ਹਾਂ ਨੂੰ ਸਾਫ਼ ਕਰਕੇ ਸ਼ੀਸ਼ਿਆਂ ਦੀਆਂ ਵੱਡੀਆਂ ਵੱਡੀਆਂ ਅਲਮਾਰੀਆਂ ਵਿਚ ਸਿੱਖ ਸੰਗਤਾਂ ਤੇ ਆਏ ਗਏ ਯਾਤਰੂਆਂ ਦੇ ਦਰਸ਼ਨਾਂ ਲਈ ਸੰਭਾਲੇ ਗਏ ਸਨ। ਇਹ ਸਿਖ ਕੌਮ ਤੇ ਹੋਏ ਜ਼ੁਲਮਾਂ ਦੇ, ਮੂੰਹ ਬੋਲਦੇ ਇਤਿਹਾਸਕ ਚਿਤਰ ਸਨ। ਦੇਖਣ ਵਾਲੇ ਵੀ ਮੂੰਹ ਵਿਚ ਉਂਗਲੀਆਂ ਪਾਉਂਦੇ ਸਨ ਤੇ ਬਹੁਤ ਸਾਰੇ ਲੋਕ ਕੁਰਲਾ ਉਠਦੇ ਸਨ।

ਪਾਕਿਸਤਾਨ ਬਣਨ ਤਕ ਇਹਨਾਂ ਸਾਰੀਆਂ ਦਰਦਨਾਕ ਘਟਨਾਵਾਂ ਦੇ ਸਬੂਤ ਸਾਂਭੇ ਪਏ ਸਨ। ਬਾਅਦ ਵਿਚ ਗੁਰੂ ਜਾਣੇ ਕੀ ਬਣਿਆ ?

ਇਸੇ ਜਗ੍ਹਾ ਤੋਂ ਹੀ ਭਾਈ ਤਾਰੂ ਸਿੰਘ ਦੇ ਕੇਸ ਕੱਟ ਦੇਣ ਦਾ ਕਾਜ਼ੀ ਨੇ ਫ਼ਤਵਾ ਦਿੱਤਾ ਸੀ। ਭਾਈ ਤਾਰੂ ਸਿੰਘ ਨੇ ਕਿਹਾ ਕਿ 'ਮੇਰੇ ਕੇਸ ਕਤਲ ਨਹੀਂ ਕੀਤੇ ਜਾਣੇ ਚਾਹੀਦੇ ਕਿਉਂਕਿ ਕੇਸ ਗੁਰੂ ਕੀ ਮੋਹਰ ਹਨ, ਇਸ ਦੀ ਬਜਾਇ ਮੇਰੀ ਖੋਪਰੀ ਉਤਾਰ ਦਿੱਤੀ ਜਾਵੇ," ਅਤੇ ਇਸੇ ਹੀ ਜਗ੍ਹਾ ਤੇ ਭਾਈ ਮਨੀ ਸਿੰਘ ਦੇ ਬੰਦ ਬੰਦ ਕੱਟ ਦੇਣ ਦਾ ਹੁਕਮ ਜਾਰੀ ਕੀਤਾ ਗਿਆ ਸੀ। ਥੋੜੇ ਲਫ਼ਜ਼ਾਂ ਵਿਚ ਸਿੰਘਾਂ ਦੀ ਕਤਲਗਾਹ ਤੇ ਜਰਵਾਣਿਆਂ ਦੇ ਤਸੀਹੇ ਦੇ ਦੇ ਕੇ ਕਤਲ ਕਰਨ ਦੇ ਹੁਕਮ ਜਾਰੀ ਕਰਨ ਦੀ ਜਗ੍ਹਾ ਆਖੀ ਜਾ ਸਕਦੀ ਹੈ।

੧੯੩੧–੩੨, ਮੁਸਲਮਾਨਾਂ ਦੇ ਹਜੂਮਾਂ ਨੇ ਇਸ ਗੁਰਦੁਆਰੇ ਤੇ ਕਬਜ਼ਾ ਕਰਨ ਲਈ ਕਈ ਹਮਲੇ ਕੀਤੇ। ਹੁਲੜਬਾਜ਼ੀ ਤੇ ਛੁਰੇ-ਬਾਜ਼ੀ ਦਾ ਸ਼ਿਕਾਰ ਵੀ ਕਈ ਸਿੰਘ ਹੋਏ। ਕਈ ਜਗ੍ਹਾਂ ਤੇ ਮੁਸਲਮਾਨਾਂ ਤੇ ਸਿਖ ਸੰਗਤਾਂ ਵਿਚ ਜੰਮ ਕੇ ਲੜਾਈਆਂ ਵੀ ਹੋਈਆਂ। ਐਜੀਟੇਸ਼ਨਾਂ ਵੀ ਹੋਈਆਂ ਤੇ ਕਰਫ਼ਿਊ ਆਰਡਰ ਵੀ ਲਗੇ। ਸੱਚ ਨੂੰ ਆਂਚ ਨਾ ਆਈ ਤੇ ਸਿੰਘਾਂ ਨੇ ਕਬਜ਼ਾ ਨਾ ਛਡਿਆ। ਅੰਗਰੇਜ਼ਾਂ ਦੀ ਹਕੂਮਤ ਸੀ। ਸਖ਼ਤੀਆਂ ਨਾਲ ਐਜੀਟੇਸ਼ਨਾਂ ਦਬਾ ਦਿਤੀਆਂ ਗਈਆਂ। ਆਖ਼ਰ ਮੁਸਲਮਾਨਾਂ ਨੇ ਹਾਈ ਕੋਰਟ ਵਿਚ ਕੇਸ ਕਰ ਦਿੱਤਾ। ਇਥੇ **ਵੀ** ਇਹਨਾਂ ਨੂੰ ਮੂੰਹ ਦੀ ਖਾਣੀ



www.AKJ.Org

ਪਈ। ਹਾਰ ਨੂੰ ਸਵੀਕਾਰ ਕਰਨ ਦੀ ਬਜਾਇ ਲੰਡਨ ਦੀ ਪ੍ਰੀਵੀ-ਕੌਂਸਲ, ਜੋ ਬ੍ਰਿਟਿਸ਼ ਰਾਜ ਸਮੇਂ ਹਿੰਦੁਸਤਾਨ ਦੀ ਵਡੀ ਤੇ ਅੰਤਮ ਅਦਾਲਤ ਹੋਇਆ ਕਰਦੀ ਸੀ, ਵਿਖੇ ਅਪੀਲ ਕਰ ਦਿੱਤੀ। ੧੯੩੯ ਵਿਚ ਪ੍ਰੀਵੀ ਕੌਂਸਲ ਨੇ ਲਾਹੌਰ ਹਾਈ ਕੋਰਟ ਦੇ ਫ਼ੈਸਲੇ ਨੂੰ ਠੀਕ ਕਰਾਰ ਦਿੱਤਾ ਤੇ ਇਸ ਜਗ੍ਹਾ ਨੂੰ ਗੁਰਦੁਆਰਾ ਹੋਣ ਦੀ ਮਾਨਤਾ ਮਿਲ ਗਈ।

"ਰੱਸੀ ਜਲ ਗਈ, ਪਰ ਵੱਟ ਨਾ ਗਿਆ।" ਮੁਸਲਮਾਨ ਵਿਸ ਘੋਲਦੇ ਰਹੇ ਤੇ ੧੯੪੭ ਵਿਚ ਲਾਹੌਰ ਪੱਛਮੀ ਪੰਜਾਬ (ਪਾਕਿਸਤਾਨ) ਵਿਚ ਆ ਗਿਆ ਤੇ ਇਸ ਖਿਤੇ ਤੇ ਮੁਸਲਮਾਨੀ ਰਾਜ ਹੋ ਗਿਆ। ਫਿਰਕੂ ਮੌਲਾਣਿਆਂ ਦੇ ਢਿੱਡਾਂ ਵਿਚ ਫਿਰ ਫਿਰਕਾ-ਪ੍ਰਸਤੀ ਦੀ ਪੀੜ ਉਠੀ ਤੇ ੧੯੭੮ ਨੂੰ ਮਿਸਟਰ ਖਾਲਦ ਮੁਹੰਮਦ ਦੀ ਅਦਾਲਤ ਵਿਚ ਗੁਰਦੁਆਰਾ ਸ਼ਹੀਦ ਗੰਜ ਸਿੰਘਣੀਆਂ ਦੇ ਹੋਏ ਫ਼ੈਸਲੇ ਨੂੰ ਚੈਲੰਜ ਕਰ ਦਿੱਤਾ। ਉਸ ਸਮੇਂ ਸ: ਪਰਕਾਸ਼ ਸਿੰਘ ਬਾਦਲ ਚੀਫ ਮਨਿਸਟਰ ਪੰਜਾਬ ਤੇ ਸੈਂਟਰ ਵਿਚ ਰਲੀ ਮਿਲੀ ਪਾਰਟੀਆਂ ਦੀ ਹਕੂਮਤ ਸੀ, ਜਿਸ ਵਿਚ ਅਟਲ ਬਿਹਾਰੀ ਬਾਜਪਾਈ ਵਿਦੇਸ਼ ਮੰਤਰੀ ਸੀ। ਸ਼ਿਰੋਮਣੀ ਕਮੇਟੀ ਅੰਮ੍ਰਿਤਸਰ ਤੇ ਹੋਰ ਸਿੱਖ ਸੰਸਥਾਵਾਂ ਦੇ ਰੌਲਾ ਪਾਉਣ ਤੇ ਗੱਲ ਆਈ ਗਈ ਹੋ ਗਈ।

ਇਹ, ਚੁਗਤਾਈ ਤੇ ਦੂਸਰੇ ਹੋਰ ਮੁਤੱਸਬੀ ਮੁਸਲਮਾਨਾਂ ਦੀ ਇਕ ਬੜੀ ਸੰਗੀਨ ਸਾਜ਼ਸ਼ ਹੈ, ਅਤੇ ਸ਼ਰਈ ਹਥਿਆਰ ਵਰਤ ਕੇ ਸ਼ਹੀਦ ਗੰਜ ਸਿੰਘਣੀਆਂ (ਗੁਰਦੁਆਰਾ) ਨੂੰ ਮਸਜਿਦ ਵਿਚ ਤਬਦੀਲ ਕਰਨ ਲਈ ਜ਼ੋਰ ਲਗਾਇਆ ਜਾ ਰਿਹਾ ਹੈ। ਪੰਜਾਬ ਦੀਆਂ ਸਿੱਖ ਅਖ਼ਬਾਰਾਂ, ਅਜੀਤ, ਅਕਾਲੀ ਪੱਤ੍ਰਕਾ, ਪੰਜਾਬੀ ਟ੍ਰਿਬਿਊਨ ਤੇ ਹਫ਼ਤਾਵਾਰੀ ਅਖਬਾਰ ਸ਼ੇਰਿ ਪੰਜਾਬ ਦਿੱਲੀ, ਵਿਚ ਖਬਰਾਂ ਛਪੀਆਂ ਹਨ। ਖਬਰਾਂ ਵਿਚ ਸਿਰਫ ਲਾਹੌਰ ਹਾਈ ਕੋਰਟ ਵਿਚ ਹੋਈ ਕਾਰਵਾਈ ਦਾ ਜ਼ਿਕਰ ਹੈ, ਪਰ ਪ੍ਰੀਵੀ ਕੌਂਸਲ ਲੰਡਨ ਦਾ ਕਿਤੇ ਵੀ ਜ਼ਿਕਰ ਨਹੀਂ ਆ ਰਿਹਾ। ਇਹ ਬੜੀ ਸਿਤਮ ਤੇ ਘਾਟ ਵਾਲੀ ਗੱਲ ਹੈ। ਪ੍ਰੀਵੀ ਕੌਂਸਲ ਦਾ ਦਿੱਤਾ ਫੈਸਲਾ ਤੇ ਹੋਰ ਹੋਈ ਸਾਰੀ ਕਾਰਵਾਈ ਲੰਡਨ ਤੋਂ ਸਾਨੂੰ ਮਿਲ ਸਕਦੀ ਹੈ।

'ਇਕ ਪਾਸੇ ਖੱਡ ਤੇ ਦੂਸਰੇ ਬੰਨੇ ਖੂਹ' ਵਾਲੀ ਗੱਲ ਸਿਖ ਕੌਮ ਲਈ ਬਣੀ ਹੋਈ ਹੈ। ਭਾਰਤ ਵਿਚ ਹਿੰਦੂ ਬਹੁ-ਸੰਮਤੀ ਦੀ ਤਾਕਤ ਨਾਲ ਸਿਖ ਧਰਮ ਨੂੰ ਨਿਗਲਣ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ, ਦੂਸਰੇ ਪਾਸੇ ਮੁਸਲਮਾਨ ਸ਼ਰੀਅਤ ਦਾ ਸਹਾਰਾ ਲੈ ਕੇ ਰਾਜਸੀ ਜ਼ੋਰ ਨਾਲ ਸਿੱਖਾਂ ਦੇ ਇਤਿਹਾਸਕ ਵਿਰਸੇ ਨੂੰ ਖ਼ਤਮ ਕਰਨ ਤੇ ਤੁਲਿਆ ਬੈਠਾ ਹੈ। ਇਹ ਸਮਾਂ ਸਿੱਖ ਕੌਮ ਲਈ ਭਿਆਨਕ ਰੂਪ ਧਾਰਦਾ ਜਾ ਰਿਹਾ ਹੈ। ਸਿੱਖ ਲੀਡਰਾਂ ਤੇ ਬੁਧੀਜੀਵੀਆਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਜ਼ਿੰਦਾਬਾਦ–ਮੁਰਦਾਬਾਦ ਦਾ ਰੌਲਾ ਪਾਉਣ ਦੀ ਬਜਾਇ ਨਿੱਗਰ ਸੇਵਾ ਕਰਨ ਦੀ ਲੋੜ ਹੈ। ਮੇਰੀ ਸਮਝੇ ਪ੍ਰਦੇਸਾਂ ਵਿਚ ਰਹਿੰਦੇ ਸਿੱਖ ਇਸ ਗੁਰਦੁਵਾਰੇ ਨੂੰ ਬਚਾਉਣ ਲਈ ਵਡੀ ਸੇਵਾ ਕਰ ਸਕਦੇ ਹਨ। ਸਿੱਖ ਸੰਸਥਾਵਾਂ ਦਾ ਜ਼ਰੂਰੀ ਫ਼ਰਜ਼ ਬਣਦਾ ਹੈ ਕਿ ਇਸ ਮੁਕੱਦਮੇ ਦੀ ਪੈਰਵੀ ਬੜੇ ਸਿਆਣੇ ਵਕੀਲਾਂ ਰਾਹੀਂ ਕਰਨ। ਗੁਰੂ ਆਪ ਸਹਾਈ ਹੋਵੇਗਾ।

(੨)

**੬ ਅਪ੍ਰੈਲ ੧੯੮੭ ਦੇ ਰੋਜ਼ਾਨਾ 'ਅਜੀਤ' ਵਿਚ ਗਿ: ਮਹਿੰਦਰ ਸਿੰਘ ਜੀ (ਜੋ ੧੯੪੭ ਤਕ ਲਾਹੌਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਰਹੇ ਹਨ ਅਤੇ ਬਾਅਦ ਵਿਚ ਸ਼ਰੋਮਣੀ ਗੁਰਦੁਆਰਾ ਕਮੇਟੀ ਦੇ ਵੀ ਕਾਫ਼ੀ ਸਮਾਂ ਸਕੱਤਰ ਰਹੇ ਹਨ) ਨੇ ਗੁਰਦੁਆਰਾ ਸ਼ਹੀਦ ਗੰਜ ਲਾਹੌਰ ਨੂੰ ਮਸਜਿਦ ਵਿਚ ਬਦਲਣ ਦੀ ਸਾਜਸ਼ ਨੂੰ ਨੰਗਿਆਂ ਕਰਨ ਲਈ ਇਕ ਵਾਕਫ਼ੀ ਭਰਪੂਰ ਲੇਖ ਦਿਤਾ ਹੈ, ਜਿਸ ਦਾ ਲੱਬੋ-ਲਬਾਬ ਇਸ ਲੇਖ ਵਿਚ ਆ ਜਾਂਦਾ ਹੈ। ਉਸ ਲੇਖ ਦੇ ਅੰਤ ਵਿਚ ਗਿਆਨੀ ਜੀ ਨੇ ਜੋ ਅਪੀਲ ਸ਼ਿਰੋਮਣੀ ਕਮੇਟੀ ਨੂੰ ਕੀਤੀ ਹੈ, ਉਹ ਸਤਰਾਂ ਹੇਠਾਂ ਛਾਪੀਆਂ ਜਾ ਰਹੀਆਂ ਹਨ–**

ਇਸ ਵੇਰ ਚੁਗਤਾਈ ਜੀ ਵਲੋਂ ਦਾਇਰ ਦਰਖ਼ਾਸਤ ਬੜੀ ਅਹਿਮ ਤੇ ਸਿੱਖ ਸੰਸਾਰ ਲਈ ਚਿੰਤਾਜਨਕ ਹੈ। ਇਸ ਲਈ ਸ਼ਿਰੋਮਣੀ ਕਮੇਟੀ ਨੂੰ ਤੁਰੰਤ ਹੀ ਪੰਜਾਬ ਅਤੇ ਭਾਰਤ ਸਰਕਾਰ ਰਾਹੀਂ ਯਤਨ ਕਰਨਾ ਚਾਹੀਦਾ ਹੈ ਅਤੇ ਸ਼ਿਰੋਮਣੀ ਕਮੇਟੀ ਵਲੋਂ ਆਪਣੇ ਵਕੀਲ ਪਾਕਿਸਤਾਨ ਭੇਜ ਕੇ ਸਿੱਖ ਗੁਰਦੁਆਰਾ



www.AKJ.Org

ਜੁਡੀਸ਼ਲ ਕਮਿਸ਼ਨ ਲਾਹੌਰ, ਪੰਜਾਬ ਹਾਈ ਕੋਰਟ ਲਾਹੌਰ ਅਤੇ ਪ੍ਰੀਵੀ ਕੌਂਸਲ ਲੰਡਨ ਵਿਚ ੧੯੩੬ ਵਿਚ ਹੋਏ ਫੈਸਲੇ ਅਤੇ ਹੋਰ ਲੁੜੀਂਦੇ ਕਾਨੂੰਨੀ ਪੱਖ, ਸੰਬੰਧਤ ਅਦਾਲਤ ਵਿਚ ਪੇਸ਼ ਕਰਕੇ ਸਿੱਖਾਂ ਦਾ ਪੱਖ ਪੇਸ਼ ਕੀਤਾ ਜਾਵੇ। ਇਸ ਤੋਂ ਇਲਾਵਾ ਜੇ 'ਬਲਿਯੂ ਸਟਾਰ ਐਕਸ਼ਨ' ਸਮੇਂ ਸ਼ਿਰੋਮਣੀ ਕਮੇਟੀ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਲਾਹੌਰ ਦੀਆਂ ਗੁਰਦੁਆਰਾ ਸ਼ਹੀਦ ਗੰਜ ਦੇ ਮੁਕੱਦਮੇ ਤੇ ਜਾਇਦਾਦ ਨਾਲ ਸੰਬੰਧਤ ਫ਼ਾਈਲਾਂ ਜ਼ਾਇਆ ਨਾ ਹੋਇਆ ਹੋਣ ਤਾਂ ਸੰਬੰਧਤ ਫਾਈਲਾਂ ਨੂੰ ਵਿਚਾਰ ਕੇ ਮੁਕੱਦਮੇ ਦੀ ਪੈਰਵਈ ਦੇ ਤੁਰੰਤ ਯਤਨ ਕੀਤੇ ਜਾਣ। ਜੇ ਸਿੱਖ ਰੈਫਰੈਂਸ ਲਾਇਬਰੇਰੀ ਦੇ ਵੱਡਮੁਲੇ ਤੇ ਇਤਿਹਾਸਕ ਖਜ਼ਾਨੇ ਵਾਂਗ ਇਹ ਫਾਈਲਾਂ ਵੀ 'ਬਲਯੂ ਸਟਾਰ ਐਕਸ਼ਨ' ਦੀ ਭੇਟ ਚੜ੍ਹ ਗਈਆਂ ਹੋਣ ਤਾਂ ਸ਼ਿਰੋਮਣੀ ਕਮੇਟੀ ਨੂੰ ਤੁਰੰਤ ਹਾ ਵਿਦੇਸ਼ਾਂ ਦੀਆਂ ਸਿੱਖ ਸੁਸਾਇਟੀਆਂ ਅਥਵਾ ਪੰਥਕ ਵਿਚਾਰਧਾਰਾ ਵਾਲੇ ਪ੍ਰਤਿਸ਼ਟ ਸੱਜਣਾਂ ਨਾਲ ਸੰਪਰਕ ਪੈਦਾ ਕਰਕੇ ਪ੍ਰੀਵੀ ਕੌਂਸਲ ਦੇ ਰੀਕਾਰਡ ਅਤੇ ਲਾਹੌਰ ਹਾਈ-ਕੋਰਟ ਦੇ ਰੀਕਾਰਡ ਤੋਂ ਸੰਬੰਧਤ ਫੈਸਲਿਆਂ ਦੀਆਂ ਨਕਲਾਂ ਪ੍ਰਾਪਤ ਕਰਕੇ ਅਗਲੀ ਕਾਰਵਾਈ ਕਰਨੀ ਚਾਹੀਦੀ ਹੈ। ਜੇ ਯਤਨ ਕੀਤਾ ਜਾਵੇ ਤਾਂ ਸ਼ਿਰੋਮਣੀ ਕਮੇਟੀ ਵਿਦੇਸ਼ ਤੋਂ ਵੀ ਕਾਨੂੰਨੀ ਮਾਹਿਰਾਂ ਦੀ ਸੇਵਾ ਪ੍ਰਾਪਤ ਕਰਕੇ ਪਾਕਿਸਤਾਨ ਵਿਚ ਚੱਲ ਰਿਹਾ ਮੁਕੱਦਮਾ ਲੜ ਸਕਦੀ ਹੈ। ਇਹ ਵੀ ਹੋ ਸਕਦਾ ਹੈ ਕਿ ਪੰਜਾਬ ਹਾਈ ਕੋਰਟ ਲਾਹੌਰ ਤੇ ਲੰਡਨ ਦੀ ਪ੍ਰੀਵੀ ਕੌਂਸਲ ਦੇ ਛਪੇ ਹੋਏ ਫ਼ੈਸਲੇ ਦਿੱਲੀ ਅਤੇ ਚੰਡੀਗੜ੍ਹ ਦੇ ਮਸ਼ਹੂਰ ਤੇ ਪੁਰਾਣੇ ਵਕੀਲਾਂ ਅਥਵਾ ਲਾਅ ਰੈਫਰੈਂਸ ਲਾਇਬਰੇਰੀਆਂ ਪਾਸੋਂ ਪ੍ਰਾਪਤ ਹੋ ਸਕਣ। ਇਸ ਲਈ ਸ਼ਿਰੋਮਣੀ ਕਮੇਟੀ ਯਤਨ ਕਰਕੇ ਉਹ ਫੈਸਲੇ ਹਾਸਲ ਕਰ ਲਵੇ ਅਤੇ ਆਪਣਾ ਰੀਕਾਰਡ ਮੁਕੰਮਲ ਕਰਦਿਆਂ ਚੁਗਤਾਈ ਦੇ ਕੇਸ ਦੀ ਪੈਰਵੀ ਕਰਨ ਦਾ ਉਪਰਾਲਾ ਕਰੇ।

ਆਸ ਕਰਦਾ ਹਾਂ ਕਿ ਸ਼ਿਰੋਮਣੀ ਕਮਟੀ ਇਹਨਾਂ ਸੁਝਾਵਾਂ ਤੇ ਯੋਗ ਵਿਚਾਰ ਕਰਕੇ ਤੁਰੰਤ ਅਮਲੀ ਕਾਰਵਾਈ ਕਰਨ ਦੀ ਕ੍ਰਿਪਾਲਤਾ ਕਰੇਗੀ ਅਤੇ ਦਿੱਲੀ ਅਤੇ ਚੰਡੀਗੜ੍ਹ ਦੇ ਮਾਨਯੋਗ ਐਡਵੋਕੇਟਾਂ ਦੀ ਸੇਵਾ ਵਿਚ ਵੀ ਸਨਿਮਰ ਬੇਨਤੀ ਕਰਦਾ ਹਾਂ ਕਿ ਉਹ ਪੰਜਾਬ ਹਾਈ ਕੋਰਟ ਲਾਹੌਰ ਅਤੇ ਪ੍ਰੀਵੀ ਕੌਂਸਲ ਲੰਡਨ ਦੇ ਛਪੇ ਫੈਸਲਿਆਂ ਵਿਚੋਂ ਗੁਰਦੁਆਰਾ ਸ਼ਹੀਦ ਗੰਜ, ਲਾਹੌਰ ਸੰਬੰਧੀ ਹੋਏ ਫ਼ੈਸਲੇ ਭਾਲ ਕੇ ਸ਼ਿਰੋਮਣੀ ਕਮੇਟੀ ਨੂੰ ਭੇਜਣ ਦੀ ਖੇਚਲ ਕਰਨ, ਤਾਂ ਜੁ ਇਸ ਸਿੱਖ ਧਰਮ-ਸਥਾਨ ਨੂੰ ਮਸਜਿਦ ਬਣਨ ਤੋਂ ਬਚਾਇਆ ਜਾ ਸਕੇ।

(੩)

**'ਸੂਰਾ' ਮਾਸਕ ਪੱਤਰ ਅਕਤੂਬਰ ੧੯੭੬ ਵਿਚ ਕੈਪਟਿਨ ਸਵਰਨ ਸਿੰਘ ਜੀ ਦੇ ਲੇਖ "ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ" ਦੀ ਆਖ਼ਰੀ ਕਿਸ਼ਤ ਦੇ ਅੰਤ ਵਿਚ "ਸ਼ਹੀਦ ਗੰਜ ਭਾਈ ਤਾਰੂ ਸਿੰਘ ਜੀ ਤੇ ਸ਼ਹੀਦ ਗੰਜ ਸਿੰਘਣੀਆਂ ਬਾਰੇ ਕੁਝ ਸ਼ਬਦ" ਬੜੇ ਭਰੇ ਹੋਏ ਦਿਲ ਨਾਲ ਸਿਖ ਸੰਗਤਾਂ ਦੇ ਧਿਆਨ ਦਿਵਾਉਣ ਲਈ ਲਿਖੇ ਗਏ ਸਨ। ਉਸ ਵਡੇ ਲੇਖ ਵਿਚੋਂ, ਸਾਰੰਸ਼ ਵਜੋਂ ਅਸੀਂ ਕੁਝ ਸਤਰਾਂ ਪਾਠਕਾਂ ਦੇ ਫਿਰ ਪੇਸ਼ ਕਰ ਰਹੇ ਹਾਂ—**

ਮਈ ੧੯੭੬ ਵਿਚ ਮੈਨੂੰ ਵੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਜਾਣ ਵਾਲੇ ਜਥੇ ਵਿਚ ਸ਼ਾਮਲ ਹੋ ਕੇ ਡੇਹਰਾ ਸਾਹਿਬ ਲਾਹੌਰ ਜਾਣ ਦਾ ਮੌਕਾ ਮਿਲਿਆ। ਸਾਰੇ ਇਤਿਹਾਸਕ ਸਥਾਨ, ਜੋ ਸਿਖ ਇਤਿਹਾਸ ਨਾਲ ਸੰਬੰਧਤ ਹਨ, ਵੇਖਣ ਦਾ ਸੁਭਾਗ ਪ੍ਰਾਪਤ ਹੋਇਆ। ਸ਼ਹੀਦ ਗੰਜ ਭਾਈ ਤਾਰੂ ਸਿੰਘ ਜਦ ਡਿਠਾ ਤਾਂ ਮਨ ਤੇ ਬੜੀ ਭਾਰੀ ਸੱਟ ਵਜੀ। ਸ਼ਹੀਦ ਗੰਜ ਦੇ ਲਾਗੇ ਹੀ ਇਕ ਕਬਰ ਦੇ ਮਜੌਰ ਦੀ ਰਿਹਾਇਸ਼ ਸੀ। ਭਾਈ ਸਾਹਿਬ ਦੇ ਸ਼ਹੀਦਗੰਜ ਦੇ ਚਬੂਤਰੇ ਤੇ ਇਕ ਬਕਰੀ ਬਧੀ ਹੋਈ ਸੀ ਤੇ ਪਾਸ ਹੀ ਉਸ ਦੇ ਦੋ ਪਠੋਰੇ ਬੈਠੇ ਹੋਏ ਸਨ। ਪੌੜੀਆਂ ਤੇ ਚਬੂਤਰਾ ਮੇਂਗਣਾਂ ਨਾਲ ਭਰੇ ਪਏ ਸਨ। ਲਾਗੇ ਹੀ ਮਜੌਰ ਦੇ ਨਿਆਣੇ ਖੇਡ ਰਹੇ ਸਨ ਅਤੇ ਚਬੂਤਰੇ ਦੀ ਉਤਲੀ ਤੇ ਹੇਠਲੀ ਪੌੜੀ ਤੇ ਇਕ ਨਿਆਣੇ ਨੇ ਟੱਟੀ ਕੀਤੀ ਹੋਈ ਸੀ ਤੇ ਸ਼ਹੀਦ ਗੰਜ ਦੀ ਬਾਹਰਲੀ ਕੰਧ ਨਾਲ ਲਾ ਕੇ ਇਕ ਹੁੱਕਾ ਰਖਿਆ ਹੋਇਆ ਸੀ। ਆਸ ਪਾਸ ਸਫ਼ਾਈ ਦਾ ਕੀ ਹਾਲ ਸੀ, ਦਸਣ ਤੋਂ ਅਸਮਰੱਥ ਹਾਂ। ਜਦ ਅਸੀਂ ਉਥੇ ਖੜੇ ਸਾਰੇ ਸਿੰਘਾਂ ਇਤਰਾਜ਼ ਕੀਤਾ ਤੇ ਉਸ ਨੂੰ ਕੜਕ ਕੇ ਪਏ ਤੇ ਆਖਿਆ ਕਿ ਹੁਣੇ ਜਾ ਕੇ ਸੰਬੰਧਤ ਉਚ-ਅਧਿਕਾਰੀ ਨੂੰ ਇਸ ਹੋ ਰਹੀ ਬੇਅਦਬੀ ਦੀ ਸ਼ਿਕਾਇਤ ਕਰਦੇ ਹਾਂ, ਤਾਂ ਉਹ ਭੈਭੀਤ ਜਿਹਾ ਹੋ ਕੇ ਬਕਰੀ ਖੋਲ੍ਹ ਕੇ


www.AKJ.Org

ਪਰੇ ਲੈ ਗਿਆ। ਝਾੜੂ ਲੈ ਕੇ ਮੇਂਗਣਾਂ ਹੂੰਜੀਆਂ ਤੇ ਨਿਆਣਿਆਂ ਨੂੰ ਭੀ ਦਬਕਾਇਆ। ਘਰਵਾਲੀ ਨੂੰ ਡਾਂਟਿਆ ਤੇ ਟੱਟੀ ਸਾਫ਼ ਕਰ ਕੇ ਪਾਣੀ ਨਾਲ ਫਰਸ਼ ਧੋਣ ਲਈ ਕਿਹਾ।......

ਇਸ ਤੋਂ ਪਿਛੋਂ ਸ਼ਹੀਦ ਗੰਜ ਸਿੰਘਣੀਆਂ ਦੇ ਦਰਸ਼ਨ ਕੀਤੇ (ਜੋ ਬਿਲਕੁਲ ਨਾਲ ਜੁੜਵਾਂ ਹੀ ਹੈ) ਤਾਂ ਰੂਹ ਹੀ ਕੰਬ ਗਈ। ਇਸ ਦੀ ਇਮਾਰਤ ਵਿਚ ਕਈ ਕਿਸਮ ਦੇ ਦਫ਼ਤਰ ਬਣੇ ਹੋਏ ਸਨ। ਇਕ ਹਿੱਸਾ ਸਕੂਲ ਦੇ ਅਧੀਨ ਸੀ। ਸੰਗਮਰਮਰ ਲੱਗੇ ਵਾਲਾ ਲੰਮਾ ਚੌੜਾ ਚਬੂਤਰਾ, ਜਿਥੇ ਦੇਸ਼-ਵੰਡ ਤੋਂ ਪਹਿਲਾਂ ਮਹਾਰਾਜ ਦੀ ਹਜ਼ੂਰੀ ਵਿਚ ਦੀਵਾਨ ਸਜਦੇ ਸਨ, ਤੇ ਰੱਬੀ ਬਾਣੀ ਦੇ ਕੀਰਤਨ ਦਾ ਅਨੰਦ ਸੰਗਤਾਂ ਮਾਣਿਆ ਕਰਦੀਆਂ ਸਨ, ਅੱਜ ਉਹ ਪਵਿਤਰ ਸਥਾਨ ਨਮਾਜ਼ ਅਧੀਨ ਹੈ। ਸ਼ਹੀਦ ਗੰਜ ਦੀ ਪਛਮ ਵਾਲੀ ਕੰਧ ਨੂੰ ਈਦਗਾਹ ਵਾਲੀ ਮਹਿਰਾਬ ਦੀ ਸ਼ਕਲ ਦੇ ਕੇ ਉਸ ਨੂੰ ਮਸਜਿਦ-ਨੁਮਾ ਬਣਾ ਦਿਤਾ ਗਿਆ ਹੈ। ਉਸ ਦੀ ਸ਼ਕਲ ਇਸ ਪ੍ਰਕਾਰ ਹੈ ______ ┌──┐ ______ । ਇਹ ਖ਼ਮ ਮਹਿਰਾਬ ਦਰਸਾਉਂਦਾ ਹੈ, ਜਿਥੇ ਖ਼ਤੀਬ ਖੜਾ ਹੋ ਕੇ ਹਾਜ਼ਰੀਨ ਵਲ ਮੂੰਹ ਕਰ ਕੇ ਜੁਮੇ ਦੀ ਨਮਾਜ਼ ਪਿਛੋਂ ਵਾਅਜ਼ ਕਰਦਾ ਹੈ। ...

ਇਸ ਪਿਛੋਂ ਲੇਖਕ ਨੇ ਵਕਫ਼ ਬੋਰਡ, ਜਥੇ ਦੇ ਮੋਢੀ ਸ: ਅਮਰ ਸਿੰਘ ਦੁਸਾਂਝ, ਗਿ: ਜ਼ੈਲ ਸਿੰਘ ਮੁਖ ਮੰਤਰੀ ਪੰਜਾਬ, ਸ਼੍ਰੋਮਣੀ ਕਮੇਟੀ, ਸੰਤ ਕਰਤਾਰ ਸਿੰਘ ਤੇ ਸੰਤ ਜਰਨੈਲ ਸਿੰਘ ਜੀ ਆਦਿ ਨੂੰ ਇਸ ਇਤਿਹਾਸਕ ਵਿਰਸੇ ਨੂੰ ਸੰਭਾਲਣ ਲਈ ਕੂਕ ਪੁਕਾਰ ਕੀਤੀ ਤੇ ਕਰਦੇ ਰਹੇ।

ਸਾਰੇ ਲੇਖ ਦੇ ਅੰਤ ਵਿਚ ਕਪਟਿਨ ਸਾਹਿਬ ਲਿਖਦੇ ਹਨ—

੧੦ ਸਾਲਾਂ ਵਿਚ ਇਹ ਗੱਲ ਕਿਸੇ ਪਾਸੇ ਵੀ ਨਾ ਤੁਰ ਸਕੀ। ਕੋਈ ਚੰਗਾ ਨਤੀਜਾ ਨਿਕਲਣਾ ਤਾਂ ਇਕ ਪਾਸੇ ਰਿਹਾ। ਮੈਂ ਜੋ ਵੇਖਿਆ ਹੈ, ਵਾਹਿਗੁਰੂ ਜਾਣੇ ਉਸ ਪਿਛੋਂ ਉਥੇ ਹੋਰ ਕੀ ਕੁਝ ਬਣ ਗਿਆ ਹੈ। ਮੈਂ ਇਹਨਾਂ ਸਫ਼ਿਆਂ ਰਾਹੀਂ ਸਾਰੇ ਖਾਲਸਾ ਪੰਥ ਦਾ ਧਿਆਨ ਇਸ ਪਾਸੇ ਦਿਵਾਉਣ ਦਾ ਯਤਨ ਕਰ ਰਿਹਾ ਹਾਂ। ਜੇ ਇੰਜ ਹੀ ਅਸੀਂ ਮੋਨ ਧਾਰੀ ਰਖਿਆ ਤਾਂ ਸ਼ਹੀਦ-ਗੰਜ ਨਾਂ ਦੇ ਕੋਈ ਵੀ ਅਸਥਾਨ ਲਾਹੌਰ ਦੇ ਲੰਡਾ ਬਾਜ਼ਾਰ ਵਿਖੇ ਵੇਖਣ ਨੂੰ ਨਹੀਂ ਮਿਲਣਗੇ। ਏਡੀਆਂ ਵਡੀਆਂ ਇਤਿਹਾਸਕ ਘਟਨਾਵਾਂ ਅਲਫ਼ ਲੈਲਾ ਦੇ ਇਕ ਕਿੱਸੇ ਦੀਆਂ ਘਟਨਾਵਾਂ ਬਣ ਕੇ ਰਹਿ ਜਾਣਗੀਆਂ। ਇਹ ਇਤਿਹਾਸਕ ਵਿਰਸਾ ਹੀ ਸਾਡੀ ਜਿੰਦ-ਜਾਨ ਹੈ। ਇਨ੍ਹਾਂ ਦੇ ਆਸਰੇ ਹੀ ਅਸੀਂ ਦੁਨੀਆ ਵਿਚ ਛਾਤੀ ਤਾਣ ਕੇ ਤੁਰ ਫਿਰ ਸਕਦੇ ਹਾਂ। ਇਹ ਅਨਮੋਲ ਇਤਿਹਾਸਕ ਚਿੰਨ੍ਹ ਜੇ ਸਾਡੀ ਅਨਗਹਿਣੀ ਕਰਕੇ ਮਿਟ ਗਏ, ਜਿਸ ਦੀ ਅੱਜ ਪੂਰੀ ਸੰਭਾਵਨਾ ਨਜ਼ਰ ਆ ਰਹੀ ਹੈ, ਤਾਂ ਉਹ ਖਾਲਸਾ-ਕੌਮ, ਜਿਸ ਨੂੰ ਦੁਨੀਆ ਦੇ ਜਰਵਾਣੇ ਸਾਰਾ ਟਿੱਲ ਲਾ ਕੇ ਵੀ ਖ਼ਤਮ ਨਾ ਕਰ ਸਕੇ, ਸਦੀਆਂ ਕੀ, ਦਹਾਕਿਆਂ ਵਿਚ ਹੀ ਖ਼ਤਮ ਹੋ ਜਾਵੇਗੀ।


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭ: ਸ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੦-੯੦ |

ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ ੧-੦੦

ਗੁਰਬਾਣੀ ਰਹਿਤਨਾਮਾ ਸੰਗ੍ਰਹਿ ਕਰਤਾ—ਭਾਈ ਰਾਮ ਸਿੰਘ ਜੀ ੦-੫੦

ਸਿਖ ਇਕ ਵੱਖਰੀ ਕੌਮ (ਪੁਸਤਕ ਰੂਪ ਵਿਚ, ਜਿਸ ਵਿਚ ੧੯ ਖੋਜ-ਭਰੇ ਲੇਖ ਸ਼ਾਮਲ ਹਨ) ੬-੦੦

ਰਾਗਮਾਲਾ ਬਾਰੇ ਵਿਚਾਰ (ਪੰਥ ਦੇ ਉਘੇ ੬ ਵਿਦਵਾਨਾਂ ਦੇ ਖੋਜ-ਭਰਪੂਰ ਲੇਖ ੧-੦੦


www.AKJ.Org

# ਦੇਖਾ ਦੇਖੀ ਫੈਸ਼ਨ, ਸਿਨੇਮਾ ਤੇ ਟੈਲੀਵੀਯਨ

[ਸ: ਨਰੈਣ ਸਿੰਘ ਜੀ ਐਮ. ਏ., ਸਕੱਤਰ ਗੁਰੂ ਨਾਨਕ ਮਿਸ਼ਨ, ਪਟਿਆਲਾ]

ਆਮ ਕਰਕੇ ਲੋਕ-ਸੁਭਾਅ ਸੋਚਣ ਦਾ ਨਹੀਂ ਹੁੰਦਾ, ਬਲਕਿ ਵੇਖਾ ਵੇਖੀ ਤੁਰਨ ਦਾ ਹੁੰਦਾ ਹੈ। ਇਹ ਪਸ਼ੂ ਸੁਭਾਅ ਹੈ। ਕਿਹਾ ਹੈ : 'ਜਗ ਕੀ ਭੇਡਾ ਚਾਲ ਚਲਤੇ ਕੇ ਪਾਛੈ ਚਲੇਂ'।

ਨੀਵੇਂ ਦਰਜੇ ਦੇ ਅਤੇ ਮਾਦਾ (ਜ਼ਨਾਨੇ) ਪਸ਼ੂਆਂ ਵਿਚ ਪਿਛੇ ਲਗ ਤੁਰਨ ਦੀ ਵਾਦੀ ਬਹੁਤੀ ਹੁੰਦੀ ਹੈ। ਨਰ ਅਥਵਾ ਮਰਦਊ-ਪੁਣੇ ਵਾਲੇ ਪਸ਼ੂ, ਯਥਾ ਸ਼ੇਰ, ਘੋੜਾ, ਬਾਜ਼, ਕਿਸੇ ਦੂਜੇ ਦੇ ਪਿਛੇ ਘਟ ਤੁਰਦੇ ਹਨ।

ਆਜ਼ਾਦਾਨਾ ਸੋਚਣ ਵਾਲੇ ਮਨੁਖ ਭੀ ਦਲੇਰ ਤੇ ਲੀਡਰ-ਤਬਾ ਹੁੰਦੇ ਹਨ। ਇਸ ਦੇ ਉਲਟ ਜਿਨ੍ਹਾਂ ਦੀ ਬਿਰਤੀ ਆਜ਼ਾਦਾਨਾ ਤੌਰ ਤੇ ਸੋਚਣ ਦੀ ਨਹੀਂ ਹੁੰਦੀ, ਗ਼ੁਲਾਮਾਨਾ ਸੁਭਾਅ, ਕਮਜ਼ੋਰ, ਡਰੂ ਅਤੇ ਜੀ-ਹਜ਼ੂਰੀਏ ਹੁੰਦੇ ਹਨ।

ਸਦੀਆਂ ਬਧੀ ਭਾਰਤ ਦੀ ਗ਼ੁਲਾਮੀ ਦਾ ਕਾਰਨ ਭੀ ਭਾਰਤੀਆਂ ਦੀ ਇਹੋ ਬਿਰਤੀ ਸੀ। ਵਰਣ-ਵੰਡ ਨੇ ਜਦੋਂ ਇਕ ਸ਼੍ਰੇਣੀ ਨੂੰ ਉਪਰ ਚਾੜ੍ਹ ਕੇ ਹੋਰ ਸਾਰੀ ਜਨਤਾ ਨੂੰ ਇਨ੍ਹਾਂ ਦੇ ਪਾਣੀਹਾਰ ਕਰ ਦਿਤਾ ਅਤੇ ਜਨਤਾ ਅੰਦਰੋਂ ਸਵੈ-ਮਾਣ ਤੇ ਸਵੈ-ਸਤਿਕਾਰ ਵਾਲੇ ਅੰਸ਼ ਦਾ ਮਲੀਆਮੇਟ ਕਰ ਕੇ, ਉਨ੍ਹਾਂ ਲੋਕਾਂ ਨੂੰ ਬ੍ਰਾਹਮਣ ਦੇਵਤਾ ਦੇ ਪਿਛੇ ਪਿਛੇ ਤੁਰਨ ਦੀ ਵਾਦੀ ਪਾਈ, ਤਾਂ ਇਹ ਲੋਕ ਸਾਹਸ-ਹੀਣ ਹੋ ਗਏ। ਇਹਨਾਂ ਦੇ ਸਾਰੇ ਧਰਮ ਕਰਮ, ਰਹਿਣ ਸਹਿਣ ਬ੍ਰਾਹਮਣ-ਪ੍ਰਾਇਣ ਹੋ ਗਏ। ਇਹਨਾਂ ਅੰਦਰੋਂ ਆਪਣੀ ਸੋਚ ਵਿਚਾਰ ਦਾ ਮਾਦਾ ਜਾਂਦਾ ਰਿਹਾ ਅਤੇ ਹਰ ਹਮਲਾ-ਆਵਰ ਅਗੇ ਇਹ ਭੇਡਾਂ ਵਾਂਙ ਹਿਕੇ ਜਾਂਦੇ ਰਹੇ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਨ੍ਹਾਂ ਦੀ ਮਰਜ਼ ਦੀ ਸਹੀ ਤਸ਼ਖ਼ੀਸ ਕੀਤੀ ਅਤੇ ਹਰ ਮਨੁਖ ਨੂੰ, ਜੋ ਆਪ ਦਾ ਅਨਸਾਰੀ ਹੋਇਆ, 'ਦਾਸ' ਤੋਂ 'ਸਿੰਘ' ਬਣ ਕੇ ਵਿਚਰਨ ਦਾ ਹੁਕਮ ਦਿਤਾ। ਆਪ ਦੀ ਹਰ ਗੱਲ ਕ੍ਰਾਂਤੀ ਵਾਲੀ ਸੀ। ਇਹ ਕ੍ਰਾਂਤੀ ਬ੍ਰਾਹਮਣ ਦੇ ਅਤੇ ਦੇਸ਼ ਦੀ ਮੁਗਲ ਰਾਜ-ਸੱਤਾ ਦੇ ਉਲਟ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਜ਼ਾਲਮ ਹਕੂਮਤ ਅਤੇ 'ਬਿਪਰਨ ਕੀ ਰੀਤ' ਦੇ ਉਲਟ ਨੰਗੀ ਬਗ਼ਾਵਤ ਕਰਨ ਦਾ ਐਲਾਨੀਆ ਹੁਕਮ ਦਿਤਾ, ਜਿਸ ਦਾ ਸਿੱਟਾ ਉਹ ਪਲਟਾ ਸੀ ਜੋ ਭਾਰਤ ਦੇ ਅਠਾਰ੍ਹਵੀਂ ਸਦੀ ਦੇ ਇਤਿਹਾਸ ਨੇ ਤਕਿਆ।

ਇਸ ਨੇ ਮੁਗਲ ਰਾਜ ਦਾ ਫ਼ਾਤਿਹਾ ਤਾਂ ਪੜ੍ਹ ਦਿਤਾ ਅਤੇ ਉਤਰ ਪਛਮੋਂ ਉਤਰਦੇ ਦੱਰੇ ਭੀ ਮੁੰਦ ਦਿਤੇ, ਪਰ ਇਹ ਪੰਜਾਹ ਸਠ ਸਾਲ ਦਾ ਸਮਾਂ ਇਨ੍ਹਾਂ ਲਈ ਆਪਣਾ ਘਰ ਸੰਭਾਲਣਾ ਕਠਨ ਹੋ ਗਿਆ, ਅਤੇ ਇਨ੍ਹਾਂ ਦੇ ਬਾਲ ਬੱਚੇ ਤੇ ਪਰਵਾਰ ਮੁੜ ਉਸੇ ਬ੍ਰਾਹਮਣੀ ਵਾਤਾਵਰਣ ਦੇ ਪ੍ਰਭਾਵ ਹੇਠ ਆ ਕੇ ਸੁਤੰਤਰ ਤੌਰ ਤੇ ਸੋਚਣਾ ਭੁੱਲ ਗਏ। ਉਹੋ ਰਸਮਾਂ ਰੀਤਾਂ ਕਰਨ ਅਤੇ ਓਹੋ ਪਿਛੇ ਲਗ ਤੁਰਨ ਦੀ ਵਾਦੀ, ਜਿਸ ਤੋਂ ਸਤਿਗੁਰਾਂ ਨੇ ਇਹਨਾਂ ਨੂੰ ਹੋੜਿਆ ਸੀ, ਇਨ੍ਹਾਂ ਨੂੰ ਫਿਰ ਪੈ ਗਈ।

## ਅੰਧਾ-ਧੁੰਦ ਨਕਲ ਕਰਨ ਦੀ ਰੁਚੀ–

ਲੋਕਾਂ ਦੇ ਵੇਖਾ-ਵੇਖੀ ਕਰਨ ਦੀ ਵਾਦੀ ਅੱਜ ਵੀ ਸਾਡੇ ਵਿਚ ਪ੍ਰਧਾਨ ਹੈ, ਜਿਸ ਦੀ ਇਕ ਛੋਟੀ ਜਿਹੀ ਘਟਨਾ ਮੇਰੇ ਸਾਹਮਣੇ ਵਾਪਰਨ ਨੇ ਮੈਨੂੰ ਇਸ ਬੰਨੇ ਸੋਚਣ ਦਾ ਮੌਕਾ ਦਿਤਾ, ਜਿਸਦਾ ਫਲਸਰੂਪ ਇਹ ਲੇਖ ਹੈ, ਜੋ ਪਾਠਕ ਅਗਲੇ ਪਤਰਿਆਂ ਵਿਚ ਪੜ੍ਹਨਗੇ। ਇਹ ਲਿਖਣ ਤੋਂ ਮੇਰਾ ਭਾਵ ਕਿਸੇ ਉਪਰ ਕੋਈ ਉਟੰਕਣ ਕਰਨ ਦਾ ਨਹੀਂ, ਸਗੋਂ ਇਹ ਦਸਣਾ ਹੈ ਕਿ ਅੰਧਾ ਧੁੰਧ ਕਿਸੇ ਗੱਲ ਨੂੰ ਅਪਣਾਅ ਲੈਣਾ ਕੋਈ ਸਿਆਣਪ ਨਹੀਂ, ਖ਼ਾਸ ਕਰ ਜਦੋਂ ਅਜਿਹਾ ਕਰਨ ਦਾ ਕੋਈ ਲਾਭ ਨਾ ਹੋਵੇ, ਅਤੇ ਜਿਸ ਨਾਲ ਕਿਸੇ ਅਸੂਲ ਦਾ ਘਾਤ ਹੁੰਦਾ ਹੋਵੇ ਜਾਂ ਸਾਡੇ ਆਚਰਨ ਤੇ ਉਸਦਾ ਮਾੜਾ ਅਸਰ ਪੈਂਦਾ ਹੋਵੇ। **ਸਾਡੇ ਪਾਸ ਗੁਰਮਤਿ ਦੀ ਇਕ ਨਿਹਾਇਤ ਸੱਚੀ ਤੇ ਸੁੱਚੀ ਕਸਵਟੀ**



www.AKJ.Org

ਹੈ। ਜਿਹੜੀ ਗੱਲ ਇਸ ਕਸਵਟੀ ਤੇ ਪੂਰੀ ਨਹੀਂ ਉਤਰਦੀ, ਉਹ ਖੋਟੀ ਹੈ ਅਤੇ ਉਸ ਦਾ ਗ੍ਰਹਿਣ ਕਰਨਾ ਸਾਡੇ ਲਈ ਅਯੋਗ ਹੈ।

ਘਟਨਾ ਇਉਂ ਹੈ ਕਿ ਇਕ ਸਿਖ ਬੱਚੀ ਦੀ ਪਹਿਲੀ ਵਰ੍ਹੇ-ਗੰਢ ਮਨਾਉਣ ਦਾ ਬੁਲਾਵਾ ਮੈਨੂੰ ਭੀ ਦਿਤਾ ਗਿਆ ਹੋਇਆ ਸੀ। ਬੁਲਾਉਣ ਵਾਲੇ ਆਪਣੇ ਅਜ਼ੀਜ਼ ਹੀ ਸਨ । ਭਾਵੇਂ ਮੈਂ ਅਜਿਹੇ ਅਵਸਰਾਂ ਤੇ ਘਟ ਜਾਂਦਾ ਹਾਂ, ਪਰ ਅਜ ਮੈਂ ਉਥੇ ਪੁਜਣ ਦਾ ਮਨ ਬਣਾ ਲਿਆ । ਘਰ ਵਾਲੇ ਮੇਰੀ ਉਡੀਕ ਕੁਝ ਤੀਬਰਤਾ ਨਾਲ ਕਰ ਰਹੇ ਸੀ। ਜਿਉਂ ਹੀ ਮੈਂ ਪੁਜਾ, ਸਭ ਨੇ ਮੈਨੂੰ 'ਜੀਉ ਆਇਆਂ' ਕਿਹਾ ਅਤੇ ਉਸ ਮੇਜ਼ ਦੇ ਲਾਗੇ, ਜਿਥੇ ਭਾਂਤੋ ਭਾਂਤ ਦੇ ਪਦਾਰਥ ਪਰੋਸੇ ਹੋਏ ਸਨ, ਮੈਨੂੰ ਇਕ ਵਿਸ਼ੇਸ਼ ਕੁਰਸੀ ਤੇ ਬਿਠਾਇਆ ਗਿਆ । ਇਸ ਇਕੱਠ ਵਿੱਚ ਬਹੁਤੇ ਲੋਕ ਮੇਰੇ ਅਨਜਾਣੂ ਸਨ, ਖ਼ਾਸ ਕਰ ਓਹ ਨੌਜਵਾਨ ਕੁੜੀਆਂ ਤੇ ਮੁੰਡੇ, ਜਿਨ੍ਹਾਂ ਦੇ ਭਾਂਤ ਭਾਂਤ ਦੇ ਫ਼ੈਸ਼ਨ-ਦਾਰ ਪਹਿਰਾਵੇ, ਚੁਲਬੁਲੀਆਂ ਤਬੀਅਤਾਂ, ਨਖਰੇਲੂ ਹਰਕਤਾਂ ਅਤੇ ਹੋਰ ਹਾਹਾ, ਹੂ ਹੂ ਮੇਰੇ ਘੁਟਵੇਂ ਅਧਮੀਟੇ ਜਹੇ ਸੁਭਾਉ ਨਾਲ ਢੁਕਦੇ ਨਹੀਂ ਸਨ। ਮੈਂ ਕੁਝ ਹੈਰਾਨ ਜਿਹਾ ਸੀ ਕਿ ਮੈਂ ਇਥੇ ਕਿਸ ਤਰ੍ਹਾਂ ਨਿਬੜਾਂਗਾ ਅਤੇ ਮੈਨੂੰ ਮੇਰੇ ਇਕ ਦੋਸਤ ਦਾ ਇਹ ਕਹਿਣਾ ਮੁੜ ਮੁੜ ਚੇਤੇ ਆਉਂਦਾ ਸੀ ਕਿ–

ਇਸ ਭੀੜ ਸਜੀਲੀ ਅੰਦਰ ਜਿਥੇ ਹੈ ਨਖਰਾ ਟਖਰਾ,
ਇਹ ਸੁਕਾ ਢੀਂਗਰ ਬੁਢੜਾ ਲਗਦਾ ਏ ਵਖਰਾ ਵਖਰਾ।

ਖ਼ੈਰ, ਮੈਂ ਇਸ ਉਡੀਕ ਵਿਚ ਸੀ ਕਿ ਕਦੋਂ ਕਾਰਵਾਈ ਸ਼ੁਰੂ ਹੋਵੇ ਅਤੇ ਕਦੋਂ ਲੋਕਾਂ ਦਾ ਧਿਆਨ ਓਧਰ ਲਗੇ, ਕਿ ਵਰ੍ਹੇ ਗੰਢ ਵਾਲੀ ਬੱਚੀ ਨੂੰ ਗੋਦੀ ਵਿਚ ਲਈ ਉਸ ਦੀ ਮਾਂ ਮੇਜ਼ ਵੱਲ ਨੂੰ ਵਧੀ ਅਤੇ ਮੇਜ਼ ਤੇ ਪਈ ਥਾਲੀ ਜੋਡੀ ਕੇਕ ਦੇ ਉਤੇ ਟਿਕਾਈ ਮੋਮ-ਬੱਤੀ ਨੂੰ ਤੀਲੀ ਲਾ ਕੇ ਰੋਸ਼ਨ ਕੀਤਾ ਅਤੇ ਫਿਰ ਬੱਚੀ ਨੂੰ ਕਹਿਣਾ ਸ਼ੁਰੂ ਕੀਤਾ ਕਿ ਮੂੰਹ ਦੀ ਫੂਕ ਨਾਲ ਬੱਤੀ ਬੁਝਾ ਦੇਵੇ । ਭਲਾ, ਉਸ ਅਨਜਾਣ ਬੱਚੀ ਨੂੰ ਫੂਕ ਮਾਰਨੀ ਕਿਥੋਂ ਆਵੇ ? ਅਖ਼ੀਰ ਮਾਂ ਨੇ ਬੱਚੀ ਦੇ ਮੂੰਹ ਨਾਲ ਮੂੰਹ ਜੋੜ ਕੇ ਫੂਕ ਮਾਰ ਦਿਤੀ ਤੇ ਮੋਮ-ਬੱਤੀ ਬੁੱਝ ਗਈ। ਹੁਣ ਬੱਚੀ ਦੇ ਹੱਥ ਵਿਚ ਛੁਰੀ ਦੇ ਕੇ ਅਤੇ ਉਸ ਦਾ ਨਾਜ਼ਕ ਜਿਹਾ ਹੱਥ ਆਪਣੇ ਹੱਥ ਵਿਚ ਲੈ ਕੇ ਮਾਂ ਨੇ ਕੇਕ ਕਟੀ ਅਤੇ ਸਾਰੇ ਹਾਜ਼ਰਾਂ ਨੇ ਤਾਲੀਆਂ ਵਜਾ ਕੇ ਇਸ ਬੱਚੀ ਦੇ ਕਰਤੱਵ ਤੇ ਖ਼ੁਸ਼ੀ ਪਰਗਟ ਕੀਤੀ । ਉਪਰੰਤ ਸਭ ਨੂੰ ਉਸ ਕੇਕ ਦਾ ਇਕ ਇਕ ਟੁਕੜਾ ਅਤੇ ਹੋਰ ਮਿਠਾਈ ਆਦਿ ਭੇਟ ਕੀਤੇ ਗਏ, ਜੋ ਸਭ ਨੇ ਬੜੇ ਚਾਅ ਨਾਲ ਛਕੇ।

ਇਹ ਸਾਰਾ ਦ੍ਰਿਸ਼ ਮੇਰੇ ਮਨ ਉੱਤੇ ਅੰਕਤ ਹੋ ਚੁਕਾ ਸੀ ਅਤੇ ਮੈਂ ਆਪਣੇ ਸੁਭਾਉ ਅਨੁਸਾਰ ਇਹ ਸੋਚ ਰਿਹਾ ਸੀ ਕਿ ਇਸ ਸਾਰੀ ਰਚਨਾ ਦਾ ਮਤਲਬ ਕੀ ਹੋਇਆ । ਮੇਰਾ ਵਿਚਾਰ ਹੈ ਕਿ ਇਸ ਦੇ ਭਾਵ ਨੂੰ ਉਸ ਸਾਰੇ ਇਕੱਠ ਵਿੱਚੋਂ ਕੋਈ ਵਿਰਲਾ ਹੀ ਸਮਝਦਾ ਹੋਵੇਗਾ, ਪਰ ਇਸ ਨੂੰ ਸਭ ਨੇ ਮਾਣਿਆ, ਅਤੇ ਇਹੋ ਕੁਝ ਹਰ ਅਜਿਹੇ ਸਮਾਗਮ ਤੇ ਕੀਤਾ ਜਾਂਦਾ ਹੈ । ਕਹਿੰਦੇ ਹਨ ਕਿ ਸਾਡੇ ਪਛਮੀ ਹੁਕਮਰਾਨ ਆਪਣੇ ਸੌ ਵਰ੍ਹੇ ਦੇ ਰਾਜ ਸਮੇਂ ਅਨੇਕ ਨਵੀਆਂ ਨਵੀਆਂ ਗੱਲਾਂ ਸਾਨੂੰ ਦੇ ਗਏ, ਜਿਨ੍ਹਾਂ ਵਿਚੋਂ ਇਕ ਇਹ ਵੀ ਸੀ।

ਅਸਾਂ ਲਕੀਰ ਦੇ ਫ਼ਕੀਰਾਂ ਨੇ ਇਹ ਕਦੀ ਨਹੀਂ ਸੋਚਿਆ ਕਿ ਅਜਿਹਾ ਕਿਉਂ ਕੀਤਾ ਜਾਂਦਾ ਹੈ। ਅਵਲ ਤਾਂ ਹਰ ਬੱਚੇ ਬੱਚੀ ਦੀ ਵਰ੍ਹੇ-ਗੰਢ ਮਨਾਉਣਾ ਹੀ ਵੇਖੋ-ਵੇਖੀ ਰਿਵਾਜ ਬਣ ਜਾਣ ਵਾਲੀ ਗੱਲ ਹੈ। ਕਿਸੇ ਵਡੇ ਵਡੇਰੇ ਗੁਰੂ ਪੀਰ ਦਾ ਦਿਨ ਦਿਹਾੜ ਮਨਾਉਣਾ ਤਾਂ ਭਲਾ ਕੁਝ ਅਰਥ ਰਖਦਾ ਹੈ, ਕਿਉਂਕਿ ਉਸਦੀ ਯਾਦ ਤੋਂ 'ਜੀਵਨ ਛੋਹ' ਮਿਲਦੀ ਅਤੇ ਉਸ ਤੋਂ ਕੁਝ ਸਿਖ ਮਤ ਪ੍ਰਾਪਤ ਹੁੰਦੀ ਹੈ, ਪਰ ਜਿਸ ਮਾਸੂਮ ਨੇ ਹਾਲਾਂ ਜ਼ਿੰਦਗੀ ਤਕੀ ਹੀ ਨਹੀਂ, ਉਸਦੀ ਯਾਦ ਦੇ ਕੀ ਅਰਥ ਹਨ। ਪਰ ਭਲਾ ਜੇ ਵਰ੍ਹੇ-ਗੰਢਾਂ ਮਨਾਉਣ ਨਾਲ ਮਾਪਿਆਂ ਤੇ ਸੰਬੰਧੀਆਂ ਦੀ ਖ਼ੁਸ਼ੀ ਵਿਚ ਵਾਧਾ ਹੁੰਦਾ ਹੈ ਤਾਂ ਇਸ ਵਿਚ ਹਰਜ ਵੀ ਕੋਈ ਨਹੀਂ, ਖ਼ੁਸ਼ੀ ਹੋਣਾ ਭੀ ਵਡੇ ਲਾਭ ਵਾਲੀ ਗੱਲ ਹੈ। ਪਰ ਬਤੀਆਂ ਜਗਾਉਣ ਅਤੇ ਕੇਕ ਕਟਣ ਦਾ ਜੋ ਰਿਵਾਜ ਚਲ ਪਿਆ ਹੈ, ਇਸ ਨੂੰ ਓਪਰੇ ਖਿਆਲਾਂ ਦੀ ਅੰਧਾ ਧੁੰਧ ਗੁਲਾਮੀ ਤੋਂ ਛੁਟ ਹੋਰ ਕੀ ਕਹਿ ਸਕਦੇ ਹਾਂ।


www.AKJ.Org

**ਫ਼ੈਸ਼ਨ–**

ਅਜਿਹੀ ਗ਼ੁਲਾਮੀ ਦੀਆਂ ਅਨਗਿਣਤ ਮਿਸਾਲਾਂ ਨਿਤ ਨਵੇਂ ਸੂਰਜ ਸਾਡੇ ਸਾਮ੍ਹਣੇ ਆਉਂਦੀਆਂ ਅਤੇ ਅਸੀਂ ਉਨ੍ਹਾਂ ਨੂੰ ਚਾਈਂ ਚਾਈਂ ਅਪਣਾਉਂਦੇ ਤੁਰੇ ਜਾਂਦੇ ਹਾਂ, ਪਰ ਮੂੰਹੋਂ ਇਹੋ ਹੀ ਕਹਿੰਦੇ ਹਾਂ ਕਿ ਅਸੀਂ ਆਜ਼ਾਦ ਦੇਸ਼ ਦੇ ਆਜ਼ਾਦ ਮਨੁਖ ਹਾਂ। ਕੋਈ ਮਨਚਲਾ ਕੋਈ ਅਜਿਹੀ ਗੱਲ ਕਰ ਦੇਂਦਾ ਹੈ ਜਿਸ ਵਿਚ ਕੁਝ ਨਵੱਪਣ ਜਾਂ ਨਵੀਨਤਾ ਹੁੰਦੀ ਹੈ, ਜਿਸ ਵਿਚ ਵਿਸ਼ੇਸ਼ ਵਡਿਆਈ ਤਾਂ ਕੋਈ ਹੁੰਦੀ ਨਹੀਂ, ਬਲਕਿ ਆਮ ਕਰਕੇ ਕਿਸੇ ਨਾ ਕਿਸੇ ਪੱਖੋਂ ਇਹ ਹੀਨਤਾ ਦਿਵਾਉਣ ਵਾਲੀ ਹੁੰਦੀ ਹੈ, ਪ੍ਰੰਤੂ ਨਵੀਂ ਤੇ ਕਈ ਵਾਰ ਅਚਰਜ ਹੋਣ ਕਰਕੇ ਇਹ ਖਿਚ ਵਾਲੀ ਜ਼ਰੂਰ ਲਗਦੀ ਹੈ, ਜਿਸ ਲਈ ਓਹੋ ਜਿਹੇ ਹੋਰ ਮਨਚਲੇ ਉਸਨੂੰ ਅਪਣਾਅ ਲੈਂਦੇ ਹਨ, ਅਤੇ ਫਿਰ ਜਿਵੇਂ ਖਰਬੂਜ਼ੇ ਨੂੰ ਵੇਖ ਖਰਬੂਜ਼ਾ ਰੰਗ ਵਟਾਉਂਦਾ ਹੈ, ਇਵੇਂ ਹੀ ਵੇਖੋ-ਵੇਖੀ ਲੋਕ ਅੰਨ੍ਹੇਵਾਹ ਪਿਛੇ ਲਗ ਤੁਰਦੇ ਹਨ।

ਕੇਵਲ ਸਰੀਰ ਦੇ ਢੱਕਣ ਦੇ ਸਾਧਨ ਨੂੰ ਹੀ ਲੈ ਲਵੀਏ ਤਾਂ ਇਸ ਵਿਚ ਏਨੀਆਂ ਤਬਦੀਲੀਆਂ ਆਈਆਂ ਹਨ, ਕਿ ਜਿੰਨਾ ਝੂਠ ਮਾਰੀਏ। ਸਾਡੇ ਵੇਖਣ ਦੀ ਗੱਲ ਹੈ, ਨੌਜਵਾਨ ਖੁਲ੍ਹੀਆਂ ਬਾਹਾਂ ਵਾਲੇ ਲੰਮੇ ਕੁੜਤੇ, ਲੱਕ ਲੁੰਗੀ ਜਾਂ ਛੇ ਸੱਤ ਗਜ਼ੀ ਵਲਦਾਰ ਸਲਵਾਰ ਪਹਿਨਦੇ ਅਤੇ ਸਿਰ ਉਤੇ ਤੁਰੇਦਾਰ ਪਗ ਸਜਾਉਂਦੇ। ਫਿਰ ਲੰਮੀ ਕਮੀਜ਼ ਉਪਰ ਛੋਟਾ ਲੱਕ ਤਕ ਕੋਟ ਦਾ ਰਿਵਾਜ ਪਿਆ, ਕੋਈ ਕੋਈ ਖੁਲ੍ਹੀ ਪੈਂਟ ਤੇ ਛੋਟਾ ਕੋਟ ਪਹਿਨਦਾ। ਹੌਲੀ ਹੌਲੀ ਪੈਂਟ ਲੱਤਾਂ ਨੂੰ ਚਿੰਬੜਦੀ ਗਈ ਅਤੇ ਇਸ ਵਿਚ ਭੀ ਸ਼ੱਕ ਹੋਣ ਲੱਗਾ ਕਿ ਲੱਤਾਂ ਨੇ ਪੈਂਟ ਪਾਈ ਹੈ ਜਾਂ ਪੈਂਟ ਨੇ ਲੱਤਾਂ ਦਾ ਰੂਪ ਲਿਆ ਹੋਇਆ ਹੈ। ਕੋਟ ਵਟਦਾ ਵਟਦਾ ਬੁਸ਼ਰਟ ਹੋ ਗਿਆ ਅਤੇ ਸਿਰ ਦੀ ਪੱਗ ਤੇ ਟੋਪੀ ਊਂ ਹੀ ਹਵਾ ਹੋ ਗਏ। ਸਾਡੀਆਂ ਧੀਆਂ ਭੈਣਾਂ ਨੇ, ਜੋ ਇਸ ਕੰਮ ਵਿਚ ਆਪਣੇ ਭਰਾਵਾਂ ਨਾਲੋਂ ਚਾਰ ਕਦਮ ਅਗੇ ਅਗੇ ਰਹਿਣ ਦੀ ਵਾਦੀ ਪਾ ਚੁਕੀਆਂ ਸਨ, ਅਤੇ ਸਾਡੇ ਵੇਖਣ ਵਿਚ ਦੂਹਰੀਆਂ ਚਾਦਰਾਂ ਹੇਠ ਆਪਾ ਵਲ੍ਹੇਟ ਬਾਹਰ ਨਿਕਲਦੀਆਂ ਸਨ, ਚਾਦਰ ਓੜ੍ਹਨੀ ਤਾਂ ਛਡੀ ਹੀ ਸੀ, ਡੂਢ ਗਜੀ ਚੁਨੀ ਭੀ ਗਲ ਵਿਚ ਪਾ ਲਈ। ਇਨ੍ਹਾਂ ਦੀ ਕਮੀਜ਼ ਸਲੀਵ-ਲੈਸ ਫਰਾਕ ਵਿਚ ਬਦਲ ਗਈ ਅਤੇ ਸਲਵਾਰ ਨੇ ਸ-ਕਰਟ ਤੇ ਜਰਾਬ ਦਾ ਰੂਪ ਲੈ ਲਿਆ ਅਤੇ ਜੋ ਭੈਣਾਂ ਵਧੇਰੇ ਅਗਾਂਹ-ਵਧੂ ਸਨ, ਉਨ੍ਹਾਂ ਘੁਟਵੀਆਂ ਕਮੀਜ਼ਾਂ ਤੇ ਚਮੁਟਵੇਂ ਪਜਾਮੇ ਜਾਂ ਪੈਂਟ ਬੁਸ਼ਰਟ ਪਹਿਨ ਸਿਰੋਂ ਨੰਗੇ ਫਿਰਨ ਨੂੰ ਮਾਡਰਨ ਫ਼ੈਸ਼ਨ ਸਮਝਿਆ। ਅਸਲ ਵਿਚ ਭਾਵੇਂ ਕੋਈ ਗਭਰੂ ਮੁੰਡਾ ਸੀ ਜਾਂ ਮੁਟਿਆਰ, ਹਰ ਇਕ ਦੀ ਚਾਹ ਆਪਣੇ ਸਡੌਲ ਸਰੀਰ ਦੀ ਪ੍ਰਦਰਸ਼ਨੀ ਕਰਨਾ ਹੀ ਸੀ, ਭਾਵੇਂ ਅਜਿਹੀ ਪ੍ਰਦਰਸ਼ਨੀ ਕਿਸੇ ਮੁੱਲ ਪਵੇ। ਇਨ੍ਹਾਂ ਦਾ ਨਿਸ਼ਾਨਾ ਦਰਸ਼ਕਾਂ ਨੂੰ ਇਹੋ ਹੀ ਦਸਣਾ ਸੀ ਕਿ ਓਹ Most Modern ਤੇ Up-to-date ਬਹੁਤ ਹੀ ਨਵੇਂ ਫ਼ੈਸ਼ਨ ਦੇ ਵਿਅਕਤੀ ਹਨ, ਨਵੇਂ ਪ੍ਰਚਲਤ ਹੋਏ ਫੈਸ਼ਨਾਂ ਨੂੰ ਠੀਕ ਤਰ੍ਹਾਂ ਗ੍ਰਹਿਣ ਕਰ ਲਿਆ ਹੈ। ਉਨ੍ਹਾਂ ਨੇ ਆਪਣੇ ਤੌਰ ਕਦੇ ਨਹੀਂ ਸੋਚਿਆ ਕਿ ਜਿਸ ਗੱਲ ਨੂੰ ਉਨ੍ਹਾਂ ਅਪਣਾਇਆ ਹੈ, ਇਸ ਦੇ ਕੋਈ ਹਾਨ ਜਾਂ ਲਾਭ ਭੀ ਹਨ। ਉਹਨਾਂ ਦੀ ਨਿਜੀ ਸੋਚ ਤਾਂ ਹੁੰਦੀ ਹੀ ਨਹੀਂ, ਓਹ ਕਿਸੇ ਦੂਜੇ ਦੇ ਦਿਤੇ ਖ਼ਿਆਲਾਂ ਦੇ ਪੂਰੀ ਤਰ੍ਹਾਂ ਗੁਲਾਮ ਹੁੰਦੇ ਹਨ। ਜੇਕਰ ਉਹਨਾਂ ਦੇ ਅੰਦਰ ਰਤਾ ਭਰ ਭੀ ਖ਼ੁਦਦਾਰੀ ਹੁੰਦੀ ਜਾਂ ਸੁਤੰਤਰ ਤੌਰ ਤੇ ਸੋਚਣ ਦਾ ਉਹਨਾਂ ਦਾ ਸੁਭਾਅ ਹੁੰਦਾ ਤਾਂ ਓਹ ਕਿਸੇ ਨਵੇਂ ਫ਼ੈਸ਼ਨ ਨੂੰ ਅਪਣਾਉਣ ਤੋਂ ਪਹਿਲੋਂ ਇਸਦੇ ਨਫ਼ੇ ਨੁਕਸਾਨ ਨੂੰ ਜ਼ਰੂਰ ਸੋਚਦੇ।

ਜਿਸ ਸਰੀਰਕ ਪ੍ਰਦਰਸ਼ਨੀ ਦੇ ਲਈ ਅੱਜ ਦੇ ਨਵੇਂ ਫ਼ੈਸ਼ਨ ਅਪਣਾਏ ਜਾਂਦੇ ਹਨ, ਜੇ ਸੋਚਿਆ ਜਾਏ, ਤਾਂ ਉਸ ਦੇ ਪਿਛੇ ਇਕੋ ਹੀ ਇੱਛਾ ਹੈ ਕਿ ਲੋਕ ਉਨ੍ਹਾਂ ਨੂੰ ਵੇਖਣ ਤੇ ਮੋਹੇ ਜਾਣ। ਉਹਨਾਂ ਦੀ ਇਹਇੱਛਾ ਉਹਨਾਂ ਦੇ ਆਪਣੇ ਅਤੇ ਉਹਨਾਂ ਨੂੰ ਵੇਖਣਹਾਰੇ, ਦੋਹਾਂ ਦੇ ਅੰਦਰ ਕਾਮ-ਚੇਸ਼ਟਾ ਉਪਜਾਉਣ ਅਤੇ ਦੋਨਾਂ ਦੇ ਮਨਾਂ ਨੂੰ ਵਿਕਾਰ ਵੱਲ ਪ੍ਰੇਰਨ ਤੋਂ ਛੁਟ ਹੋਰ ਕੀ ਅਰਥ ਰਖਦੀ ਹੈ ? ਅਜਿਹੇ ਪਹਿਰਾਵੇ ਨੂੰ ਹੀ ਗੁਰੂ ਜੀ ਖੁਆਰੀ ਦਾ ਕਾਰਨ ਦਸਦੇ ਹੋਏ ਇਸ ਤੋਂ ਵਰਜਦੇ ਹਨ :

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥

[ਸਿਰੀ ਰਾਗੁ ਮ: ੧, ਪੰਨਾ ੧੬



'ਸੂਰਾ' ਅੰਮ੍ਰਿਤਸਰ, ਮਈ ੧੯੮੭

www.AKJ.Org

ਮਨੁੱਖ ਦੀ ਅਸਲੀ ਸੁੰਦਰਤਾ ਉਸ ਦੇ ਆਚਰਨ ਵਿਚ ਹੈ। ਸੀਲ ਤੇ ਸੰਜਮ ਮਨੁਖੀ ਆਚਰਨ ਦੇ ਵਿਸ਼ੇਸ਼ ਅੰਗ ਹਨ, ਸੰਜਮ-ਰਹਿਤ ਅਸ਼ਲੀਲ ਮਨ ਸੁੰਦਰ ਤੇ ਦਿਲ ਨੂੰ ਮੋਹਣ ਵਾਲੇ ਪਹਿਰਾਵੇ ਹੇਠ ਓਵੇਂ ਹੈ ਜਿਵੇਂ ਕਿਸੇ ਹਲਕੀ ਧਾਤ ਨੂੰ ਮੁਲੰਮਾ ਕੀਤਾ ਹੋਵੇ।

ਨੰਗੇ ਸਿਰ ਵਿਚਰਨਾ ਭਾਰਤੀ ਸਭਯਤਾ ਅੰਦਰ ਸੋਗ ਦੀ ਨਿਸ਼ਾਨੀ ਸੀ। ਅੱਜ ਵੀ ਹਿੰਦੂ ਘਰਾਂ ਵਿਚ, ਜ਼ਿਥੇ ਕਿਧਰੇ ਪਗ ਜਾਂ ਟੋਪੀ ਪਹਿਨਣ ਦਾ ਸੁਭਾਉ ਹਾਲਾਂ ਕਾਇਮ ਹੈ, ਘਰ ਵਿਚ ਮੌਤ ਹੋ ਜਾਣ ਤੇ ਇਹ ਉਤਾਰ ਕੇ ਰਖੀ ਜਾਂਦੀ ਹੈ। ਪੰਜਾਬੀ ਵਿਚ ਇਸਤ੍ਰੀ ਦੇ 'ਸਿਰੋਂ ਨੰਗੀ ਹੋ ਜਾਣ' ਦਾ ਮੁਹਾਵਰਾ ਆਮ ਪਰਚੱਲਤ ਹੈ, ਜਿਸਦਾ ਭਾਵ ਉਸ ਦੇ ਪਤੀ ਦੀ ਮੌਤ ਹੋ ਜਾਣਾ, ਅਥਵਾ ਉਸਦਾ ਰੰਡੀ ਹੋ ਜਾਣਾ ਹੈ, ਤਾਂ ਨੰਗੇ ਸਿਰ ਰਹਿਣ ਵਾਲੀਆਂ ਇਸਤ੍ਰੀਆਂ ਬਾਰੇ ਕੀ ਸਮਝਿਆ ਜਾਵੇਗਾ ?

ਸਿਖ, ਜਿਸਦਾ ਧਰਮ ਹੀ ਚੜ੍ਹਦੀ ਕਲਾ ਅਤੇ ਖੇੜਾ ਹੈ, ਨੰਗੇ ਸਿਰ ਕਿਵੇਂ ਰਹਿ ਸਕਦਾ ਹੈ। ਕਈ ਵੀਰ ਅਤੇ ਖ਼ਾਸ ਕਰ ਸਾਡੀਆਂ ਭੈਣਾਂ ਨੇ ਵੇਖੋ-ਵੇਖੀ ਇਸ ਰਿਵਾਜ ਨੂੰ ਅਪਣਾਅ ਲਿਆ ਹੈ, ਜੋ ਓਪਰੇ ਖ਼ਿਆਲਾਂ ਦੇ ਦੁਬੇਲ ਅਥਵਾ ਓਪਰੀ ਵਿਚਾਰ-ਧਾਰਾ ਦੀ ਅਤ ਨੀਵੇਂ ਪੱਧਰ ਦੀ ਗ਼ੁਲਾਮੀ ਹੈ।

ਇਕ ਹੋਰ ਨੁਕਤਾ, ਜਿਸ ਨੂੰ ਸਾਡੇ ਅਜਿਹੇ ਵੀਰ ਤੇ ਭੈਣਾਂ ਨੇ ਭੁਲਾ ਦਿੱਤਾ ਹੈ, ਉਹ ਹੈ ਸਿਖੀ ਅੰਦਰ ਕੇਸਾਂ ਦੇ ਬਹੁਤ ਵਡੇ ਸਨਮਾਨ ਦਾ ਵਿਚਾਰ। ਸਾਡੇ ਲਈ ਕੇਸਾਂ ਦੀ ਮਹੱਤਤਾ ਹੋਰ ਧਰਮਾਂ ਦੇ ਮੁਕਾਬਲੇ ਵਿਚ ਬਹੁਤ ਜ਼ਿਆਦਾ ਹੈ। ਅਸੀਂ ਕੇਸ-ਹੀਨ ਹੋ ਕੇ ਸਿੱਖੀ ਤੋਂ ਖ਼ਾਰਜ ਹੋ ਜਾਂਦੇ ਹਾਂ। ਜਿਨ੍ਹਾਂ ਕੇਸਾਂ ਦਾ ਦਾਨ ਅਸੀਂ ਆਪਣੀ ਅਰਦਾਸ ਵਿਚ ਅਕਾਲ ਪੁਰਖ ਪਾਸੋਂ ਰੋਜ਼ਾਨਾ ਮੰਗਦੇ ਹਾਂ, ਉਹਨਾਂ ਦਾ ਵਧ ਤੋਂ ਵਧ ਸਤਿਕਾਰ ਤੇ ਸੰਭਾਲ ਸਾਡਾ ਮੁਖ ਫ਼ਰਜ਼ ਹੈ। ਜੇਕਰ ਸਾਡੇ ਮਨਾਂ ਵਿਚ ਆਪਣੇ ਕੇਸਾਂ ਲਈ ਸਤਿਕਾਰ ਤੇ ਪਿਆਰ ਸਚ ਮੁਚ ਹੀ ਕਾਇਮ ਹੈ ਤਾਂ ਇਹਨਾਂ ਦੀ ਗਲੀਆਂ, ਬਜ਼ਾਰਾਂ ਤੇ ਰਾਹਾਂ 'ਤੇ ਪ੍ਰਦਰਸ਼ਨੀ ਕਰਦੇ ਫਿਰਨਾ ਸਤਿਕਾਰ ਵਾਲੀ ਗੱਲ ਨਹੀਂ। ਲਾਲ ਜਵਾਹਰ ਕਦੀ ਛਜਾਂ ਵਿਚ ਛੱਟੇ ਨਹੀਂ ਜਾਂਦੇ, ਇਹ ਤਾਂ ਛਿਪਾ ਰਖਣ ਵਾਲੀਆਂ ਚੀਜ਼ਾਂ ਹਨ। ਇਉਂ ਹੀ ਸਾਡੇ ਸਿਰ ਦੇ ਕੇਸ ਹਨ।

ਫਿਰ ਸਾਡੀਆਂ ਕਈ ਭੈਣਾਂ ਮਹਿਜ਼ ਪ੍ਰਦਰਸ਼ਨੀ ਲਈ ਓਪਰੇ ਨਿਰਜਿੰਦ ਵਾਲਾਂ ਨੂੰ ਆਪਣੇ ਕੇਸਾਂ ਦਾ ਭਾਗ ਬਣਾ ਕੇ ਬਨਾਉਟੀ ਰੂਪ ਅੰਦਰ ਵਿਚਰਨ ਵਿਚ ਖੁਸ਼ੀ ਮੰਨਦੀਆਂ ਹਨ। ਕੇਸ ਇਸਤ੍ਰੀ ਦੀ ਲਜ-ਪਤ ਦਾ ਉਤਮ ਪ੍ਰਗਟਾਵਾ ਹਨ, ਪਰ ਸਾਡੀਆਂ ਇਹ ਭੈਣਾਂ ਮੁਰਦਾ ਵਾਲਾਂ ਨੂੰ ਇਨ੍ਹਾਂ ਵਿਚ ਰਖ ਕੇ ਕੇਸਾਂ ਦੀ ਵਡੀ ਤੌਹੀਨ ਕਰਦੀਆਂ ਹਨ।

## ਜ਼ਾਤੀ ਨਾਮ–

ਸਾਡੀ ਨਕਲ ਉਤਾਰਨ ਦੀ ਵਾਦੀ ਨਿਰੀ ਪਹਿਰਾਵੇ ਤਕ ਹੀ ਸੀਮਤ ਨਹੀਂ, ਅਸੀਂ ਆਪਣੇ ਨਾਮ ਭੀ ਪਛਮੀ ਲੀਹਾਂ ਤੇ ਧਰ ਲਏ ਹਨ। ਅਸੀਂ ਵੇਖਿਆ ਕਿ ਅੰਗਰੇਜ਼ ਲੋਕ ਆਪਣੇ ਜਾਤੀ ਨਾਮ ਨਾਲ ਪੁਕਾਰੇ ਜਾਂਦੇ ਹਨ। ਜਿਵੇਂ ਮਿਸਟਰ ਵਾਦਨ, ਹਰਵੇ, ਹੌਲੀ, ਡਲਹੌਜ਼ੀ, ਜਿਸ ਦੀ ਨਕਲ ਕਰਦੇ ਹੋਏ ਭਾਰਤ ਵਿਚ ਨਹਿਰੂ, ਗਾਂਧੀ, ਚੈਟਰਜੀ, ਤਿਲਕ ਨਾਮ ਪ੍ਰਚਲਤ ਕੀਤੇ ਗਏ, ਅਤੇ ਅਸਲ ਨਾਮ ਯਥਾ ਜਵਾਹਰ ਲਾਲ, ਮੋਹਨ ਦਾਸ ਕਰਮ ਚੰਦ, ਬਾਲ ਗੰਗਾਧਰ ਆਦਿ ਸਾਨੂੰ ਭੁੱਲ ਹੀ ਗਏ। ਇਸੇ ਤਰ੍ਹਾਂ ਸਾਡੇ ਵੀਰਾਂ ਤੇ ਭੈਣਾਂ ਨੇ ਭੀ ਆਪਣੇ ਆਪ ਨੂੰ ਮਿਸਟਰ ਗਿੱਲ, ਕੋਹਲੀ, ਨਾਰੰਗ, ਕੰਬੋਜ, ਚੀਮਾ ਜਾਂ ਮਿਸਜ਼ ਢਿਲੋਂ, ਮਿਸ ਚੋਪੜਾ, ਮਿਸ ਗਰੇਵਾਲ ਕਹਾਉਣ ਵਿਚ ਵਡਿਆਈ ਸਮਝੀ ਹੈ। ਇਹ ਨਿਰੀ ਹੀ ਅੰਧਾ ਧੁੰਧ ਰੀਸ ਅਤੇ ਗ਼ੈਰਾਂ ਦੇ ਖ਼ਿਆਲਾਂ ਦੀ ਗ਼ੁਲਾਮੀ ਨਹੀਂ ਤਾਂ ਹੋਰ ਕੀ ਹੈ ? ਅਸਾਂ ਇਹ ਭੀ ਕਦੀ ਨਹੀਂ ਸੋਚਿਆ ਕਿ ਸਾਡਾ ਗੁਰੂ ਤਾਂ ਆਖਦਾ ਹੈ 'ਫਕੜ ਜਾਤੀ, ਫਕੜੁ ਨਾਉ', ਤਾਂ ਫਿਰ ਅਸੀਂ ਜਾਤੀ ਨਾਮ ਰਖਾ ਕੇ ਫੱਕੜ ਹੀ ਤੋਲਦੇ ਹਾਂ ਨਾ ! ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਾਨੂੰ ਅੰਮ੍ਰਿਤ ਬਖਸ਼ ਕੇ ਕਿਹਾ ਸੀ, 'ਤੁਸੀਂ ਅਜ ਗੁਰੂ ਕੇ ਜਨਮੇ ਹੋ, ਤੁਹਾਡਾ ਪਿਤਾ ਸਤਿਗੁਰੂ ਹੈ। ਗੁਰੂ ਦਾ ਰੂਪ ਤੁਹਾਡਾ ਰੂਪ ਅਤੇ ਗੁਰੂ ਦੀ ਕੁੱਲ ਤੁਹਾਡੀ ਕੁੱਲ ਹੈ' ਅਤੇ 'ਕਰਮ ਨਾਸ਼, ਕੁੱਲ ਨਾਸ਼' ਆਦਿ ਸ਼ਬਦ ਉਚਾਰ ਕੇ ਸਾਡੇ ਪਿਛਲੇ ਕਰਮ, ਧਰਮ ਤੇ ਕੁੱਲ ਨੂੰ



www.AKJ.Org

ਸਦਾ ਲਈ ਖ਼ਤਮ ਕਰ ਦਿਤਾ ਸੀ, ਪ੍ਰੰਤੂ ਅਸੀਂ ਅੰਮ੍ਰਿਤ ਛਕ ਕੇ ਭੀ ਗਿੱਲ ਤੇ ਕੋਹਲੀ ਰਹਿ ਜਾਂਦੇ ਹਾਂ। ਕੀ ਗੁਰੂ ਕਾ 'ਕੁੱਲ ਨਾਸ਼' ਵਾਲਾ ਹੁਕਮ ਕਿਸੇ ਹੋਰ ਲਈ ਸੀ? ਅੱਜ ਕਲ੍ਹ ਸਾਡੇ ਇਸ਼ਤਿਹਾਰ ਛਪਦੇ ਹਨ ਕਿ ਅਮਕੀ ਸਭਾ ਦੇ ਪਰਬੰਧ ਹੇਠ ਅੰਮ੍ਰਿਤ ਪ੍ਰਚਾਰ ਹੋਵੇਗਾ, ਅੰਮ੍ਰਿਤ ਅਭਿਲਾਸ਼ੀ ਸੱਜਣ ਤਿਆਰ-ਬਰ-ਤਿਆਰ ਹੋ ਕੇ ਆਉਣ ਅਤੇ ਇਸ਼ਤਿਹਾਰ ਦੇ ਹੇਠਾਂ ਪ੍ਰਬੰਧਕਾਂ ਦੇ ਨਾਮ ਲਿਖੇ ਹੁੰਦੇ ਹਨ 'ਅਮਕਾ ਸਿੰਘ ਸੇਠੀ, ਅਮਕਾ ਸਿੰਘ ਸੰਧੂ'। ਕਿੰਨੇ ਸ਼ੋਕ ਦੀ ਗੱਲ ਹੈ ਕਿ ਸਾਡੇ ਅੰਮ੍ਰਿਤ ਪ੍ਰਚਾਰ ਦੇ ਮੁਦਈ ਆਪੂੰ ਅੰਮ੍ਰਿਤ ਦੀ ਸਪਿਰਿਟ ਤੋਂ ਕਿਤਨੇ ਦੂਰ ਖੜੋਤੇ ਹਨ!

ਫਿਰ ਸਤਿਗੁਰੂ ਪਾਤਸ਼ਾਹ ਦੀ ਬਖਸ਼ਿਸ਼ 'ਸਿੰਘ' ਦੇ ਨਾਮ ਨੂੰ ਅਸੀਂ ਤਿਲਾਂਜਲੀ ਦੇ ਰਹੇ ਹਾਂ। ਪੜ੍ਹਿਆਂ ਲਿਖਿਆਂ ਦੇ 'ਸਿੰਘ' ਨਾਮ ਨੇ ਤਾਂ 'ਐਸ' ਦਾ ਰੂਪ ਲੈ ਲੀਤਾ ਹੈ ਤੇ ਉਹ ਕਰਮ ਸਿੰਘ ਦੀ ਥਾਂ ਕੇ. ਐਸ. ਚੱਢਾ ਆਦਿ ਬਣ ਗਏਂ ਹਨ ਅਤੇ ਜੋ ਬਹੁਤ ਜ਼ਿਆਦਾ ਪੜ੍ਹ ਗਏ ਹਨ ਜਾਂ ਉੱਕਾ ਅਨਪੜ੍ਹ ਹਨ, ਪਰ ਨਕਲ ਉਤਾਰਨ ਵਿਚ ਨੰਬਰ ਇਕ ਹਨ, ਉਹਨਾਂ ਨੂੰ 'ਸਿੰਘ' ਜਾਂ 'ਕੌਰ' ਪਦ ਵਰਤਣ ਵਿਚ ਵਡੀ ਸ਼ਰਮ ਮਹਿਸੂਸ ਹੁੰਦੀ ਹੈ। ਨਿੱਤ ਦੀ ਬੋਲ ਚਾਲ ਦੀ ਕੀ ਗੱਲ ਕਰਨੀ ਹੋਈ, ਸਾਡੇ ਵਿਆਹਾਂ ਸ਼ਾਦੀਆਂ ਦੇ ਕਾਰਡਾਂ ਵਿਚ ਇਉਂ ਹੀ ਲਿਖਿਆ ਹੁੰਦਾ ਹੈ 'ਜਸਬੀਰ ਦੀ ਸ਼ਾਦੀ ਅਵਤਾਰ ਨਾਲ' ਜਾਂ 'ਸੁਰਿੰਦਰ ਦੀ ਮਹਿੰਦਰ ਨਾਲ' ਹੋਵੇਗੀ। ਪੜ੍ਹਨ ਵਾਲਾ ਨਹੀਂ ਸਮਝ ਸਕਦਾ ਕਿ ਜਸਬੀਰ ਕੁੜੀ ਹੈ ਜਾਂ ਅਵਤਾਰ ਕੁੜੀ ਹੈ। ਪਰ ਅਸੀਂ ਅਜਿਹਾ ਲਿਖ ਕੇ ਆਪਣੇ ਵਿਚ ਫੁੱਲੇ ਨਹੀਂ ਸਮਾਉਂਦੇ ਕਿ ਅਸਾਂ ਕੇਡੀ ਸੋਹਣੀ ਨਕਲ ਉਤਾਰੀ ਹੈ। ਅਫ਼ਸੋਸ ਹੈ ਸਾਡੀ ਇਸ ਪਰ-ਅਧੀਨਤਾ ਅਤੇ ਅੰਧ-ਵਿਸ਼ਵਾਸੀ ਤੇ।

ਵਿਆਹ ਸ਼ਾਦੀਆਂ ਸਮੇਂ ਰੀਸ ਪ੍ਰੀਸੀ ਜੋ ਕੁਝ ਕੀਤਾ ਜਾਂਦਾ ਹੈ, ਇਸਦਾ ਤਾਂ ਕਹਿਣਾ ਹੀ ਕੀ ਹੋਇਆ! ਇਕ ਸਰਦਾ ਪੁਜਦਾ ਆਦਮੀ ਕੋਈ ਲੀਹ ਪਾ ਦੇਂਦਾ ਹੈ, ਓਹ ਸਮਰੱਥ ਹੁੰਦਾ ਹੈ ਕਿਸੇ ਵਿਸ਼ੇਸ਼ ਦਿਖਾਵੇ ਆਦਿ ਦੇ ਕਰਨ ਲਈ, ਤਾਂ ਉਸ ਦੇ ਗਵਾਂਢੀ ਜਾਂ ਸ਼ਰੀਕ ਭਾਈ, ਭਾਵੇਂ ਉਹਨਾਂ ਦੀ ਮਾਲੀ ਦਸ਼ਾ ਕਿੰਨੀ ਸਧਾਰਨ ਹੋਵੇ (ਵਿਸ਼ੇਸ਼ ਕਰਕੇ ਘਰ ਦੀਆਂ ਜ਼ਨਾਨੀਆਂ) ਇਹੋ ਸੋਚਣਗੇ ਕਿ ਅਮਕੇ ਸਰਦਾਰ ਜਾਂ ਸੇਠ ਨੇ ਐਉਂ ਕੀਤਾ ਸੀ, ਅਸੀਂ ਭੀ ਉਸੇ ਤਰ੍ਹਾਂ ਕਰਾਂਗੇ, ਅਤੇ ਭਾਵੇਂ ਉਨ੍ਹਾਂ ਦਾ ਘਰ ਘਾਟ ਨੀਲਾਮ ਹੋ ਜਾਵੇ, ਗਵਾਂਢੀ ਜਾਂ ਸ਼ਰੀਕ ਦੀ ਰੀਸ ਜ਼ਰੂਰ ਕੀਤੀ ਜਾਵੇਗੀ। ਘਰ ਦੀ ਸਜਾਵਟ ਤੇ ਜਗਮਗਾਹਟ, ਵਰੀ ਅਤੇ ਦਾਜ ਦਾਉਣ ਉਤੇ ਕੀਤਾ ਬੇਤਹਾਸ਼ਾ ਖ਼ਰਚ, ਵਿਸ਼ੇਸ਼ ਹੋਟਲਾਂ ਰਾਹੀਂ ਖਾਣ ਪੀਣ ਦੇ ਪਰਬੰਧ, ਪਾਰਟੀਆਂ ਤੇ ਸ਼ਰਾਬ, ਕਬਾਬ, ਜਨੇਤੀਆਂ ਦਾ ਜਲੌ ਤੇ ਗਿਣਤੀ, ਨਾਚ ਭੰਗੜੇ ਤੇ ਕਵਾਲੀ, ਗ੍ਰਾਮੋਫੋਨ ਤੇ ਲਾਊਡ ਸਪੀਕਰ, ਬੈਂਡ ਬਾਜੇ—ਕਿਹੜੀ ਕਿਹੜੀ ਗੱਲ ਕੀਤੀ ਜਾਵੇ—ਬਸ ਨਕਲ ਪੂਰੀ ਹੋਵੇ, ਭਾਵੇਂ ਵਿਆਹ ਪਿਛੋਂ ਰੋਟੀ ਨਸੀਬ ਹੋਵੇ ਜਾਂ ਨਾ—ਜੇਕਰ ਰਤਾ ਭਰ ਵੀ ਅਕਲ ਤੋਂ ਕੰਮ ਲਿਆ ਜਾਏ ਤਾਂ ਮਨੁਖ ਆਪਣਾ ਵਿਤ ਵੇਖ ਕੇ ਤੁਰੇ। ਪਰ ਵਿਤ ਸਹੁਰੇ ਦਾ ਕੀ ਹੈ, ਜੇ ਇਉਂ ਨਾ ਹੋਇਆ ਤਾਂ ਸ਼ਰੀਕ ਦੇ ਬੂਹੇ ਅਗੋਂ ਖੰਘੂਰਾ ਮਾਰ ਕੇ ਕਿਵੇਂ ਲੰਘੂ—ਸ਼ਰੀਕ ਕੀ ਕਹਿਣਗੇ 'ਸ਼ੋਹਦਾ ਹੀ ਨਿਕਲਿਆ'—ਇਹ ਨਹੀਂ ਅਖਵਾਉਣਾ, ਭਾਵੇਂ ਕੰਗਾ ਹੀ ਹੋ ਜਾਵੇ। ਵਾਹ! ਰੀਸ ਹੋਵੇ ਤਾਂ ਐਸੀ!

## ਸਿਨੇਮਾ ਤੇ ਟੈਲੀਵੀਯਨ—

ਕੋਈ ਕਹੇਗਾ, 'ਜੀ ਵਿਆਹ ਸ਼ਾਦੀ ਕਿਹੜੇ ਨਿਤ ਆਉਂਦੇ ਹਨ।' ਲੋ ਨਿਤਾਪ੍ਰਤ ਦੀ ਗੱਲ ਸੁਣ ਲਵੋ। ਸਾਡੇ ਦੇਸ਼ ਦਾ ਵਿਸੇਸ਼ ਕਰਕੇ ਸਿਖ ਸੁਭਾਉ ਸੀ ਪ੍ਰਾਤਹਕਾਲ ਉਠਣਾ, ਦਾਤਣ ਕਰਨਾ, ਸੌਚ ਇਸ਼ਨਾਨ ਕਰਨਾ, ਮੰਦਰ ਧਰਮਸਾਲ ਦੀ ਸੁਰਤ ਕਰਨੀ, ਸੰਗਤ ਵਿਚ ਜੁੜਨਾ, ਕੀਰਤਨ ਪਾਠ ਪੂਜਾ ਦੇ ਨਿਤਨੇਮ ਤੋਂ ਵੇਹਲੇ ਹੋ ਕੇ ਘਰ ਪਰਤਣਾ, ਛਾਹ ਵੇਲਾ ਕਰਨਾ ਅਤੇ ਆਪਣੇ ਧੰਧੇ ਵਿਚ ਜੁਟ ਜਾਣਾ, ਸ਼ਾਮੀਂ ਘਰ ਬਾਲ ਬੱਚੇ ਦੇ ਪਿਆਰ ਤੇ ਹਾਸ ਬਿਲਾਸ ਦਾ ਸਵਾਦ ਮਾਨਣਾ, ਪ੍ਰਸ਼ਾਦ ਛਕਣਾ ਅਤੇ ਸ਼ੁਕਰ ਸ਼ੁਕਰ ਕਰਦੇ ਰਾਤ ਦੇ ਆਰਾਮ ਲਈ ਟਿਕ ਜਾਣਾ—ਕਿਤਨਾ ਸਾਦਾ ਤੇ ਸੰਤੁਸ਼ਟ ਜੀਵਨ ਸੀ। ਪਛਮ ਦੇ ਕਲੱਬ-ਘਰ, ਨਾਚ-ਘਰ, ਸਿਨੇਮਾ ਤੇ ਰੇਡੀਓ ਸੰਗੀਤ ਸਾਡੇ ਲਈ ਖਿਚ ਦਾ ਕਾਰਨ ਬਣੇ, ਉਨ੍ਹਾਂ ਲੋਕਾਂ ਨੂੰ ਇਨ੍ਹਾਂ ਦਾ ਰਸ ਮਾਣਦੇ ਵੇਖ ਸਾਨੂੰ ਭੀ ਰੀਸ ਆਈ। ਅਸੀਂ ਉਨ੍ਹਾਂ ਦੀਆਂ ਲੀਹਾਂ ਤੇ ਆਪਣੇ ਆਪ ਨੂੰ ਢਾਲਿਆ। ਸਾਡਾ ਪ੍ਰਾਤਹਕਾਲ, ਸਾਡੀ ਧਰਮਸਾਲਾ, ਸਾਡੀ ਸੰਗਤ ਤੇ ਕੀਰਤਨ ਨੇ ਰੂਪ ਵਟਾਇਆ। ਪ੍ਰਾਤਹਕਾਲ ਦੀ ਥਾਂ ਸੰਧਿਆ ਕਾਲ, ਧਰਮਸਾਲ ਤੇ ਸਾਡੀ ਸੰਗਤ ਦੀ ਥਾਂ


www.AKJ.Org

ਕਲੱਬ-ਘਰ ਤੇ ਸਿਨੇਮਾ ਨੇ ਲੈ ਲਈ ਅਤੇ ਕੀਰਤਨ ਦੀ ਜਗ੍ਹਾ ਰੇਡੀਓ ਸੰਗੀਤ ਨੇ ਸੰਭਾਲੀ। ਅਸੀਂ ਸਵਾ ਪਹਿਰ ਰਾਤ ਗਈ ਤਕ ਕਲੱਬ-ਘਰਾਂ ਤੇ ਥੀਏਟਰਾਂ ਵਿਚ ਸਮਾਂ ਬਿਤਾਉਣ ਲਗੇ, ਜਿਸ ਦਾ ਕੁਦਰਤੀ ਸਿੱਟਾ ਅਧ ਪਹਿਰ ਦਿਨ ਆਏ ਤਕ ਨੀਂਦ ਦੀ ਮੌਜ ਮਾਨਣਾ ਸੀ । ਇਸਦੇ ਨਾਲ ਹੀ ਪ੍ਰਾਤਹਕਾਲ ਦੇ ਦਾਤਣ ਕੁਰਲੇ ਦਾ ਕੰਮ ਬੈੱਡ ਟੀ ਨੇ ਸਾਂਭ ਲਿਆ ਅਤੇ ਬੱਚੇ, ਜੋ ਸ਼ਾਮ ਦੇ ਘਰ ਅੰਦਰ ਮਿਲਦੇ ਹਾਸ-ਬਿਲਾਸ ਰਾਹੀਂ ਪਿਤਾ-ਪੁਰਖੀ ਪ੍ਰਭਾਵ ਤੋਂ ਵਾਂਝੇ ਗਏ ਸਨ, ਉਨ੍ਹਾਂ ਨੇ ਭੀ ਸਿਨੇਮਾ ਦਾ ਰੁਖ਼ ਕੀਤਾ । ਅਸਾਂ ਕਦੀ ਨਹੀਂ ਸੋਚਿਆ ਕਿ ਸਾਡੇ ਬੱਚੇ, ਜਿਨ੍ਹਾਂ ਨੇ ਕਲ੍ਹ ਨੂੰ ਕੌਮ ਤੇ ਦੇਸ਼ ਦੀ ਵਾਗ ਡੋਰ ਸੰਭਾਲਣੀ ਹੈ, ਦੇ ਜੀਵਨ ਘੜਨ ਦੀ ਟਕਸਾਲ ਸਿਨੇਮਾ-ਘਰਾਂ ਵਿਚ ਵਿਖਾਏ ਜਾਂਦੇ ਚਿਤਰ ਅਤੇ ਸੁਣਾਏ ਜਾਂਦੇ ਇਸ਼ਕੀਆ ਗੀਤ ਹੀ ਹੋਣਗੇ ਅਤੇ ਇਸੇ ਟਕਸਾਲ ਅੰਦਰ ਘੜੇ ਜੀਵਨ ਦੇਸ਼ ਤੇ ਕੌਮ ਲਈ ਕਿੰਨੇ ਕੁ ਲਾਭਦਾਇਕ ਹੋਣਗੇ ? ਇਹ ਠੀਕ ਹੈ ਕਿ ਵਕਤੀ ਤੌਰ ਤੇ ਅਸਾਂ ਉਨ੍ਹਾਂ ਦੀ ਖੁਸ਼ੀ ਹਾਸਲ ਕਰ ਲਈ ਅਤੇ ਸਮੇਂ ਅਨੁਕੂਲ ਉਨ੍ਹਾਂ ਨੂੰ ਅਪ-ਟੂ-ਡੇਟ ਕਰ ਦਿਤਾ, ਪ੍ਰੰਤੂ ਕੀ ਸਾਡੇ ਬੱਚੇ ਅਗੋਂ ਨੂੰ ਆਉਣ ਵਾਲੀਆਂ ਨਸਲਾਂ ਲਈ ਸਿਖ ਨਜ਼ਰੀਆ ਪੇਸ਼ ਕਰਨਗੇ ਜਾਂ ਕੁਝ ਹੋਰ ? ਅਤੇ ਇਸ ਦੇ ਸਿੱਟੇ ਲਈ ਕੌਣ ਜ਼ਿੰਮੇਵਾਰ ਹੋਵੇਗਾ ? ਅਸੀਂ ਅੰਨ੍ਹੇਵਾਹ ਪਛਮ ਦੀਆਂ ਪਾਈਆਂ ਲੀਹਾਂ ਤੇ ਤੁਰ ਕੇ ਆਪਣਾ ਅਗਾ ਵਿਗਾੜ ਰਹੇ ਹਾਂ । ਇਸ ਬੰਨੇ ਸਾਨੂੰ ਵਡੀ ਦੀਰਘ ਦ੍ਰਿਸ਼ਟੀ ਨਾਲ ਸੋਚਣਾ ਚਾਹੀਦਾ ਹੈ । ਜੇਕਰ ਸਮੇਂ ਅਨਕੂਲ ਕਲੱਬ-ਘਰਾਂ ਅਤੇ ਸਿਨੇਮਾ ਵਲੋਂ ਕੰਡ ਨਹੀਂ ਕੀਤੀ ਜਾ ਸਕਦੀ ਤਾਂ ਹਰ ਗੱਲ ਨੂੰ ਸੰਜਮ ਅਤੇ ਬੰਧੇਜ ਰਖ ਕੇ ਪ੍ਰਾਤਹਕਾਲ ਵਾਲੇ ਪੁਰਾਤਨ ਸਿਖੀ ਕਿਰਤ ਵਿਰਤ ਦੇ ਸਾਧਨ ਨੂੰ ਭੁਲਣਾ ਭੀ ਯੋਗ ਨਹੀਂ ।

ਇਹ ਤਾਂ ਮੰਨਣਾ ਪਵੇਗਾ ਕਿ ਜ਼ਿੰਦਗੀ ਇਕ ਭਾਰੀ ਸੰਘਰਸ਼ ਹੈ, ਇਕ ਵੱਡਾ ਘੋਲ ਹੈ, ਜਿਸ ਨੂੰ ਸਫਲ ਤਰ੍ਹਾਂ ਘੁਲਣ ਲਈ ਮਨ ਦੀ ਇਕ-ਸੁਰਤਾ ਤੇ ਦ੍ਰਿੜ੍ਹਤਾ ਨਾਲ ਪੂਰਾ ਤ੍ਰਾਣ ਲਾਉਣਾ ਪੈਂਦਾ ਹੈ । ਇਸ ਪ੍ਰਕਾਰ ਦੀ ਇਕਸੁਰਤਾ ਬਣਾਏ ਰਖਣ ਵਾਸਤੇ ਵਿਚ-ਵਿਚਾਲੇ ਤਫ਼ਰੀਹ ਦਾ ਹੋਣਾ ਭੀ ਜ਼ਰੂਰੀ ਹੈ, ਜਦੋਂ ਮਨ ਸੰਘਰਸ਼ ਦੀਆਂ ਡੂੰਘਾਈਆਂ ਤੋਂ ਨਿਕਲ ਕੇ ਹਉਲਾ ਪ੍ਰਤੀਤ ਕਰੇ, ਜਿਸ ਦੇ ਲਈ ਮੌਜੂਦਾ ਸਮਾਜ ਨੇ ਕਲੱਬ ਘਰ, ਥੀਏਟਰ ਅਤੇ ਹੋਰ ਮੌਜ ਮੇਲੇ ਦੇ ਸਾਧਨ ਅਪਣਾਏ ਹਨ ਅਤੇ ਜੇਕਰ ਇਹ ਉਸ ਹੱਦ ਤਕ ਸੀਮਤ ਰਹਿਣ ਤਾਂ ਇਹ ਲਾਭਦਾਇਕ ਹੋ ਸਕਦੇ ਹਨ । ਪਰ ਜੋ ਕੁਝ ਅਸੀਂ ਆਮ ਵੇਖਦੇ ਹਾਂ, ਉਹ ਇਹ ਨਹੀਂ । ਸਾਡੇ ਨੌਜਵਾਨਾਂ ਵਾਸਤੇ ਇਹ ਨਿਰਾ ਤਫ਼ਰੀਹ ਦਾ ਸਾਧਨ ਹੀ ਨਹੀਂ ਹੁੰਦੇ, ਬਲਕਿ ਉਨ੍ਹਾਂ ਵਿਚੋਂ ਬਹੁਤੇ ਇਨ੍ਹਾਂ ਦੇ ਮਾੜੇ ਪ੍ਰਭਾਵਾਂ ਨੂੰ ਕਬੂਲਦੇ ਹੋਏ ਮਨੁਖੀ ਜੀਵਨ੍ਹ ਦੀ ਗੰਭੀਰਤਾ ਵਲੋਂ ਅਵੇਸਲੇ ਹੋ ਜਾਂਦੇ ਅਤੇ ਜੀਵਨ ਨੂੰ ਨਿਰਾ ਮੌਜ ਮੇਲੇ ਦਾ ਅਵਸਰ ਹੀ ਜਾਣ ਲੈਂਦੇ ਹਨ । ਮਨੁਖ ਦਾ ਨਕਲ ਉਤਾਰਨ ਦਾ ਸੁਭਾਅ, ਖ਼ਾਸ ਕਰ ਨੌਜਵਾਨਾਂ ਅੰਦਰ ਨਵੀਂ ਵੇਖੀ ਸੁਣੀ ਚੀਜ਼ ਦਾ ਅਸਰ ਅਤੇ ਇਸ ਨੂੰ ਆਪਣੇ ਜੀਵਨ ਉਤੇ ਘਟਾਉਣ ਦੀ ਵਾਦੀ ਏਨੀ ਜ਼ਿਆਦਾ ਹੈ ਕਿ ਇਹ ਉਸੇ ਤਰ੍ਹਾਂ ਬਣ ਕੇ ਰਹਿਣ ਦਾ ਜਤਨ ਕਰਦੇ ਹਨ, ਜਿਹੋ ਜਹੇ ਇਹ ਸਿਨੇਮਾ ਵਿਚ ਵੇਖਦੇ ਹਨ; ਉਨ੍ਹਾਂ ਦਾ ਪਹਿਰਾਵਾ, ਬੋਲੀ, ਹਾਵ ਭਾਵ ਤੇ ਰਹਿਣੀ ਅਪਣਾਏ ਜਾਂਦੇ ਹਨ, ਸਿਰ ਦੇ ਕੇਸਾਂ ਨੂੰ ਉਨ੍ਹਾਂ ਵਾਂਙ ਸਵਾਰਿਆ ਬਣਾਇਆ ਜਾਂਦਾ ਹੈ, ਉਨ੍ਹਾਂ ਵਾਂਙ ਗਾਉਣ ਲਈ ਮਨ ਉਮਲ੍ਹਦਾ ਹੈ ਅਤੇ ਨਿਤ ਦੇ ਕਾਰ ਵਿਹਾਰ ਕਰਦਿਆਂ ਓਹੀ ਗੀਤ ਮੁੜ ਮੁੜ ਜ਼ਬਾਨ ਤੇ ਆਉਂਦੇ ਹਨ ।

ਸਾਨੂੰ ਇਹ ਕਹਿਣ ਵਿਚ ਰਤਾ ਸੰਕੋਚ ਨਹੀਂ ਕਿ ਸਿਖ ਨੌਜਵਾਨ ਲੜਕੇ ਲੜਕੀਆਂ ਸਿਖੀ ਵਲੋਂ ਮੂੰਹ ਮੋੜਨ ਦਾ ਪਹਿਲਾ ਸਬਕ ਟੈਲੀਵੀਯਨਾਂ, ਸਿਨੇਮਿਆਂ ਤੇ ਕਲੱਬ-ਘਰਾਂ ਵਿਚੋਂ ਹੀ ਸਿਖਦੇ ਹਨ, ਅਤੇ ਇਨ੍ਹਾਂ ਦਾ ਵਾਰ ਵਾਰ ਪਰਯੋਗ ਉਨ੍ਹਾਂ ਨੂੰ ਸਨੇ ਸਨੇ ਸਿੱਖੀ ਵਲੋਂ ਘਿਰਣਤ ਕਰ ਦੇਂਦਾ ਹੈ, ਖ਼ਾਸ ਕਰ ਜਦੋਂ ਅਜਿਹੇ ਪਰਯੋਗ ਦੇ ਅਸਰ ਨੂੰ ਹਟਾਉਣ ਵਾਲਾ ਦੂਜੇ ਬੰਨਿਆਂ ਤੋਂ ਕੋਈ ਪ੍ਰਭਾਵ ਨ ਪੈਂਦਾ ਹੋਵੇ ।

ਇਸ ਸਾਰੇ ਕੁਝ ਦੀ ਤਹਿ ਵਿਚ ਇਹੋ ਗੱਲ ਹੈ ਕਿ ਨੌਜਵਾਨ ਸ਼੍ਰੇਣੀ ਦੀਆਂ ਆਦਤਾਂ, ਸੁਭਾਉ ਹਾਲਾਂ ਘੜੇ ਜਾਣ ਦੀ ਦਸ਼ਾ ਵਿਚ ਹੁੰਦੇ ਹਨ, ਅਥਵਾ, ਇਹ ਏਨੇ ਪਕੇ ਹੋਏ ਨਹੀਂ ਹੁੰਦੇ ਕਿ ਬਾਹਰ ਦੇ ਅਸਰ ਨੂੰ ਨ ਕਬੂਲਣ । ਨੌਜਵਾਨ ਦੇ ਸਾਮ੍ਹਣੇ ਜੋ ਵਰਤਦਾ ਹੈ, ਉਸ ਦਾ ਮਨ ਉਸਨੂੰ ਗ੍ਰਹਿਣ ਕਰੀ ਜਾਂਦਾ ਅਤੇ ਉਸਦੀ ਨਕਲ ਲਾਹੁੰਦਾ ਹੈ । ਸੋ ਸਿਨੇਮਾ-ਘਰਾਂ ਅੰਦਰ ਵਾਰ ਵਾਰ ਵੇਖੇ ਚਿੱਤਰ ਤੇ ਸੁਣੇ ਗੀਤ ਨੌਜਵਾਨ ਮਨਾਂ ਨੂੰ ਛੇਤੀ 'ਟੁੰਬਦੇ' ਅਤੇ ਉਨ੍ਹਾਂ ਜਿਹੇ



www.AKJ.Org

# ਆਤਮਕ ਸ੍ਵੈ-ਸਰੂਪ ਲਖਤਾ ਮਾਨਸਕ ਇਕ-ਸੁਰਤਾ ਨਾਲੋਂ ਉਚੀ ਹੈ

ਕਈਆਂ ਦੇ ਖ਼ਿਆਲ ਅਨੁਸਾਰ ਇਕ-ਸੁਰਤਾ ਤੇ ਸਮਤਾ ਦੀ ਪ੍ਰਾਪਤੀ (attainment of harmony and balance) ਨਾਮ ਦੀ ਪ੍ਰਾਪਤੀ ਹੈ ਅਤੇ ਮਨ ਦੀਆਂ ਸਾਰੀਆਂ ਅਦਲਾ ਬਦਲੀਆਂ (all the adjustments of mind) ਇਸ ਪ੍ਰਾਪਤੀ ਵਿਚ ਸਹਾਈ ਹੋਣ ਵਾਲੀਆਂ ਹਨ। ਇਹ ਇਕ ਮਨ-ਕਲਪਤ ਗੱਲ ਹੀ ਹੈ ਕਿ ਮਨ ਦੀਆਂ ਸਾਰੀਆਂ ਤਬਦੀਲੀਆਂ ਇਕ-ਸੁਰਤਾ ਤੇ ਸਮਤਾ ਪ੍ਰਾਪਤ ਕਰਨ ਵਿਚ ਸਹਾਈ ਹੋ ਸਕਦੀਆਂ ਹਨ। ਇਕ-ਸੁਰਤਾ ਤੇ ਸਮਤਾ ਕਿਸ ਦੀ ? ਜੇ ਕਹੋ ਮਨ ਦੀ, ਤਾਂ ਮਨ ਤਾਂ ਤਬਦੀਲੀਆਂ ਦੇ ਗੋਰਖ-ਧੰਦੇ ਵਿਚ ਹੀ ਰੁੱਝਿਆ ਉਲਝਿਆ ਹੋਇਆ ਹੈ। ਇਹ ਇਕ ਅਨਹੋਣੀ ਗੱਲ ਹੈ ਕਿ ਮਨ ਦੀਆਂ ਤਬਦੀਲੀਆਂ, ਅਦਲਾਂ ਬਦਲੀਆਂ ਦੁਆਰਾ ਮਨ ਦੀ ਇਕ-ਸੁਰਤਾ ਤੇ ਸਮਤਾ ਪ੍ਰਾਪਤ ਹੋ ਜਾਵੇ। ਹਾਂ, ਇਹ ਹੋ ਸਕਦਾ ਹੈ ਕਿ ਮਨ ਅਦਲਾ ਬਦਲੀ ਦੇ ਉਤਾਰ ਚੜ੍ਹਾਉ ਵਿਚ ਖੱਜਲ ਖੁਆਰ ਹੋ ਕੇ ਹੰਭ ਜਾਏ ਅਤੇ ਨਿਢਾਲ ਹੋ ਕੇ ਨਿੱਸਲ ਹੋ ਬੈਠੇ। ਇਸ ਬੇ-ਹਿਸ ਨਿਢਾਲਪੁਣੇ ਤੇ ਨਿੱਸਲਤਾ ਨੂੰ ਇਕ-ਸੁਰਤਾ ਤੇ ਸਮਤਾ ਦੀ ਪ੍ਰਾਪਤੀ ਸਮਝਣਾ ਗ਼ਲਤੀ ਹੈ। ਇਹ ਪ੍ਰਾਪਤੀ ਕੁਝ ਨਹੀਂ ਤੇ ਨਾ ਹੀ ਇਕ-ਸੁਰਤਾ ਤੇ ਸਮਤਾ ਹੈ। ਜੇ ਹੋਊ ਤਾਂ ਮਾਨਸਿਕ ਫਿਲਾਸਫ਼ੀ (ਸਾਈਕਾਲੋਜੀ) ਦੇ ਵਿਦਵਾਨਾਂ ਭਾਣੇ ਹੋਊ, ਪਰ ਇਸ ਦਾ ਗੁਰਮਤਿ ਦੇ ਆਸ਼ੇ ਨਾਲ ਕੋਈ ਸੰਬੰਧ ਨਹੀਂ। ਜੇ ਕਹੋ ਕਿ ਇਕ-ਸੁਰਤਾ ਤੇ ਸਮਤਾ ਬਿਰਤੀਆਂ ਦੀ ਹੈ, ਤਾਂ ਭੀ ਇਹ ਬਿਰਤੀਆਂ ਮਨ ਦੀਆਂ ਹੀ ਹਨ। ਹਰ ਹਾਲਤ ਵਿਚ ਇਕ-ਸੁਰਤਾ ਤੇ ਸਮਤਾ ਦਿਮਾਗੀ ਹਾਲਤਾਂ ਹਨ। ਇਨ੍ਹਾਂ ਦੀ ਪ੍ਰਾਪਤੀ ਨਾਮ ਦੀ ਪ੍ਰਾਪਤੀ ਕਿਵੇਂ ਹੋਈ ? ਮਨ ਦੀਆਂ ਤਬਦੀਲੀਆਂ ਦੀ ਕਲਪਤ ਵਿਉਂਤ ਦੁਆਰਾ ਤਾਂ ਸ੍ਵੈ-ਸਰੂਪ ਦੀ ਲਖਤਾ ਭੀ ਨਹੀਂ ਹੋ ਸਕਦੀ, ਆਪਾ ਭੀ ਚੀਨਿਆ ਨਹੀਂ ਜਾਂਦਾ। ਸਰਬ ਵਿਆਪਕ ਸਰੂਪ ਦੀ ਲਖਤਾ ਕੀ ਹੋਣੀ ਹੋਈ ? ਆਪਾ ਚੀਨੇ ਬਾਝ ਭਰਮ ਦੀ ਕਾਈ ਨਹੀਂ ਮਿਟ ਸਕਦੀ। ਜਦੋਂ ਭਰਮ ਦੀ ਕਾਈ ਹੀ ਨਹੀਂ ਮਿਟੀ ਤਾਂ ਸਮਤਾ ਤੇ ਇਕ-ਸੁਰਤਾ ਭਲਾ ਕਿਥੋਂ ਪ੍ਰਾਪਤ ਹੋਣੀ ਹੈ। ਸੁਤੇ ਸਫੁਰ ਹੋਈਆਂ ਅਤੇ ਅਚਣਚੇਤ ਉਪਜ ਖਲੋਤੀਆਂ (automatic and unconscious) ਬਹੁਤ ਸਾਰੀਆਂ ਮਨ ਦੀਆਂ ਬਦਲੀਆਂ ਪੂਰਬਲੇ ਜਨਮ ਦੇ ਸੰਸਕਾਰਾਂ ਦਾ ਅੰਕੁਰ ਹੀ ਹੋਇਆ ਕਰਦੀਆਂ ਹਨ। ਇਨ੍ਹਾਂ ਤਬਦੀਲੀਆਂ ਨੂੰ ਨਾਮ ਦੀ ਪ੍ਰਾਪਤੀ ਅਥਵਾ ਦਾਤਿ-ਪ੍ਰਾਪਤੀ ਸਮਝਣਾ ਦਰੁਸਤ ਨਹੀਂ। ਦਾਤਿ ਇਕ ਉਚੀ ਚੀਜ਼ ਹੈ। ਅਚੇਤ ਤੇ ਆਪੋਂ ਉਪਜ ਖਲੋਤੀ ਕਿਸੇ ਮਨ ਦੀ ਤਬਦੀਲੀ (automatically and u consciously attained adjustment of mind) ਨੂੰ ਦਾਤਿ ਇਲਾਹੀ ਖ਼ਿਆਲ ਕਰਨਾ ਇਹ ਇਕ ਗ਼ਲਤ-ਫ਼ਹਿਮੀ ਹੈ। (self conscio sness ਤੇ introspection) ਦੋਨੋਂ ਸਾਈਕਲੋਜੀਕਲ ਟਰਮਾਂ (ਇਸਲਾਹਾਂ) ਹਨ, ਜਿਨ੍ਹਾਂ ਦਾ ਤਰਜਮਾ ਪੰਜਾਬੀ ਵਾਲਿਆਂ ਸ੍ਵੈ-ਸਰੂਪ ਦੀ ਲਖਤਾ ਤੇ ਅੰਤਰ-ਮੁਖਤਾ ਕੀਤਾ ਹੈ। ਇਹ ਦੋਨੋਂ ਅੰਤਸ਼ਕਰਨ ਦੇ ਟਿਕਾਉ ਦੀਆਂ ਮਾਮੂਲੀ ਹਾਲਤਾਂ ਹਨ। ਅੰਤਸ਼ਕਰਨ ਦੇ ਗ਼ੈਰ-ਮਾਮੂਲੀ ਤੇ ਉਚੇ ਦਰਜੇ ਦੇ ਟਿਕਾਉ ਵਿਚ ਭੀ ਗੁਰਮਤਿ-ਦਰਸਾਈ ਸ੍ਵੈ-ਸਰੂਪ ਦੀ ਲਖਤਾ ਤੇ ਅੰਤਰ-ਮੁਖਤਾ ਦੀ ਸਮਸਰਤਾ ਨਹੀਂ ਹੋ ਸਕਦੀ। ਗੁਰਮਤਿ-ਦਰਸਾਈਆਂ ਸ੍ਵੈ-ਸਰੂਪ ਦੀ ਲਖਤਾ ਤੇ ਅੰਤਰ-ਮੁਖਤਾ ਦੀਆਂ ਬਿਵਸਥਾਵਾਂ ਆਤਮਿਕ ਹਨ, ਅਤੇ ਇਹਨਾਂ (self consciousness and introspection) ਨਾਲੋਂ ਅਤਿ ਉਚੀਆਂ ਤੇ ਵਿਲੱਖਣ ਹਨ।

[ਭਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ-ਰਮਜ਼ਾਂ' ਚੋਂ

---

ਬਨਣ ਦੀ ਪ੍ਰੇਰਨਾ ਦੇਂਦੇ ਹਨ।

ਨੌਜਵਾਨ ਮਨ ਆਪਣੇ ਘਾਟੇ ਵਾਧੇ ਬਾਰੇ ਓਨਾ ਅੱਛਾ ਨਹੀਂ ਸੋਚ ਸਕਦਾ ਜਿੰਨਾ ਵਡੇਰੀ ਅਵਸਥਾ ਵਾਲਾ, ਇਸ ਲਈ ਇਹ ਮਾਪਿਆਂ ਅਤੇ ਅਧਿਆਪਕਾਂ ਦਾ ਫਰਜ਼ ਬਣਦਾ ਹੈ ਕਿ ਓਹ ਨੌਜਵਾਨ ਨੂੰ ਮਾੜੇ ਪ੍ਰਭਾਵ ਵਾਲੇ ਰਾਹੇ ਤੁਰਨ ਤੋਂ ਬਚਾਉਣ। ਜਿਥੇ ਓਹ ਆਪਣੇ ਬੱਚਿਆਂ ਉਪਰ ਹੋਰ ਕਈ ਤਰ੍ਹਾਂ ਦੀਆਂ ਬੰਦਸ਼ਾਂ ਲਾਉਂਦੇ ਹਨ, ਉਥੇ ਇਹ ਭੀ ਉਨ੍ਹਾਂ ਦੀ ਜ਼ਿਮੇਵਾਰੀ ਹੈ ਕਿ ਉਨ੍ਹਾਂ ਦੇ ਬੱਚੇ ਗਲਤ ਪ੍ਰਭਾਵਾਂ ਨੂੰ ਨ ਕਬੂਲਣ।



www.AKJ.Org

ਗੁਰੂ ਹਰਿ ਗੋਬਿੰਦ ਜੀ ਨਾਲ ਸੰਬੰਧਿਤ ਇਤਿਹਾਸਕ ਗੁਰਦੁਆਰਾ

# ਗੁਰੂਸਰ ਸੁਤਲਾਣੀ

[ ਸ: ਮਨਜੀਤ ਸਿੰਘ ਜੀ ]

'ਗੁਰੂਸਰ ਸੁਤਲਾਣੀ' ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸਬੰਧਤ ਪਾਵਨ ਅਤੇ ਇਤਿਹਾਸਕ ਧਰਮ-ਅਸਥਾਨ ਹੈ, ਜੋ ਜ਼ਿਲਾ ਅੰਮ੍ਰਿਤਸਰ ਨਾਲ ਲੱਗਦੀ ਅਟਾਰੀ ਹਿੰਦ-ਪਾਕ ਸਰਹੱਦ ਤੋਂ ਕੋਈ ਦੋ ਕਿਲੋਮੀਟਰ ਉਰ੍ਹਾਂ ਵੱਲ ਨੂੰ ਥਾਣਾ ਘਰਿੰਡਾ ਖੇਤਰ ਵਿਚ ਸਥਿਤ ਹੈ । ਇਸ ਧਰਮ ਅਸਥਾਨ ਨਾਲ ਇਕ ਸਰੋਵਰ ਵੀ ਹੈ, ਜਿਸ ਦੀ ਬੜੀ ਇਤਿਹਾਸਕ ਮਹੱਤਤਾ ਦਸੀ ਜਾਂਦੀ ਹੈ । ਇਤਿਹਾਸ ਮੁਤਾਬਕ ਇਕ ਵਾਰ ਛੇਵੇਂ ਸਤਿਗੁਰੂ ਨੇ ਲਾਹੌਰ ਤੋਂ ਅੰਮ੍ਰਿਤਸਰ ਆਉਂਦੇ ਹੋਏ ਇਸ ਤਾਲ ਦੇ ਕੰਢੇ ਤੇ ਵਿਸਰਾਮ ਕੀਤਾ ਸੀ । ਉਸੇ ਵੇਲੇ ਖੇਤਰ ਵਾਸੀਆਂ ਨੇ ਗੁਰੂ ਮਹਾਰਾਜ ਅੱਗੇ ਇਲਾਕੇ ਦੇ ਹਾਕਮ ਗਾਜ਼ੀ ਹੁਸ਼ਿਆਰ ਖਾਂ ਵਲੋਂ ਉਨ੍ਹਾਂ ਤੇ ਕੀਤੇ ਜਾ ਰਹੇ ਜ਼ੁਲਮ ਤੋਂ ਛੁਟਕਾਰਾ ਦਿਵਾਉਣ ਲਈ ਬੇਨਤੀ ਕੀਤੀ । ਕਿਹਾ ਜਾਂਦਾ ਹੈ ਕਿ ਸੰਗਤਾਂ ਦੀ ਦੁਖ ਤਕਲੀਫ ਨੂੰ ਵੇਖ ਕੇ ਗੁਰੂ ਮਹਾਰਾਜ ਨੇ ਹਾਕਮ ਨੂੰ ਜਾ ਲਲਕਾਰਿਆ । ਇਸ ਤਲਾਅ ਤੋਂ ਅੱਧਾ ਕੁ ਮੀਲ ਦੂਰ ਗੁਰੂ ਮਹਾਰਾਜ ਅਤੇ ਹਾਕਮ ਵਿਚਕਾਰ ਯੁੱਧ ਹੋਇਆ, ਜਿਸ ਵਿਚ ਹਾਕਮ ਮਾਰਿਆ ਗਿਆ । ਮਰਨ ਤੋਂ ਪਹਿਲਾਂ ਜ਼ਖਮੀ ਸੂਰਤ ਵਿਚ ਹਾਕਮ ਨੇ ਆਪਣਾ ਨਾਮ ਚਲਦਾ ਰਹਿਣ ਲਈ ਗੁਰੂ ਮਹਾਰਾਜ ਨੂੰ ਬੇਨਤੀ ਕੀਤੀ ਤਾਂ ਗੁਰੂ ਮਹਾਰਾਜ ਨੇ ਉਸ ਦਿਨ ਤੋਂ ਇਸ ਅਸਥਾਨ ਨੂੰ 'ਹੁਸ਼ਿਆਰ ਨਗਰ' ਸੱਦਣ ਲਈ ਸੰਗਤਾਂ ਨੂੰ ਹੁਕਮ ਕੀਤਾ । ਤਦ ਤੋਂ ਇਸ ਇਲਾਕੇ ਦਾ ਨਾਮ ਹੁਸ਼ਿਆਰ ਨਗਰ ਪੈ ਗਿਆ ਦਸਿਆ ਜਾਂਦਾ ਹੈ । ਇਸੇ ਤਰ੍ਹਾਂ ਜਿਸ ਤਲਾਅ ਦੇ ਕੰਢੇ ਉਨ੍ਹਾਂ ਵਿਸਰਾਮ ਕੀਤਾ ਉਸ ਨੂੰ ਕਈ ਵਰ ਦਿੱਤੇ ਅਤੇ ਇਸਦਾ ਨਾਮ ਵੀ 'ਗੁਰੂਸਰ ਸੁਤਲਾਣੀ' ਰੱਖ ਦਿਤਾ । ਕਿਹਾ ਜਾਂਦਾ ਹੈ ਤਦ ਤੋਂ ਇਸ ਅਸਥਾਨ ਦਾ ਨਾਮ ਵੀ ਇਹੀ ਚਲਿਆ ਆਉਂਦਾ ਹੈ। ਲੋਕਾਂ ਦੀ ਆਮ ਧਾਰਣਾ ਹੈ ਕਿ ਇਸ ਸਰੋਵਰ ਵਿਚ ਜੋ ਕੋਈ ਸ਼ਰਧਾ ਵਿਸ਼ਵਾਸ ਨਾਲ ਇਸ਼ਨਾਨ ਕਰਦਾ ਹੈ ਉਸ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਇਸੇ ਕਰਕੇ ਜ਼ਿਲੇ ਦੇ ਇਕ ਪਾਸੇ ਹੋਣ ਦੇ ਬਾਵਜੂਦ ਇਥੇ ਰੌਣਕਾਂ ਲੱਗੀਆਂ ਰਹਿੰਦੀਆਂ ਹਨ।

ਇਸ ਪਾਵਨ ਅਸਥਾਨ ਦੀ ਹੁਣ ਨਵ-ਉਸਾਰੀ ਸ਼ੁਰੂ ਹੋਈ ਹੈ, ਜਿਸ ਦੀਆਂ ਦੋ ਮੰਜ਼ਲਾਂ ਤਿਆਰ ਹੋ ਗਈਆਂ ਹਨ। ਇਸ ਅਸਥਾਨ ਦੀ ਨਵ-ਉਸਾਰੀ ਕਾਰ ਸੇਵਾ ਵਾਲੇ ਸੰਤ ਬਾਬਾ ਮੰਗਲ ਸਿੰਘ ਜੀ ਗੁਰੂਸਰ ਸੁਤਲਾਣੀ ਵਾਲੇ ਕਰਵਾ ਰਹੇ ਹਨ। ਬਾਬਾ ਜੀ ਨੇ ਦਸਿਆ ਕਿ ਬਣਨ ਵਾਲੀ ਇਹ ਤਿੰਨ-ਮੰਜ਼ਲੀ ਇਮਾਰਤ ਕਲਾ ਦੇ ਵਿਸ਼ੇਸ਼ ਨਜ਼ਰੀਏ ਨਾਲ ਉਸਾਰੀ ਜਾ ਰਹੀ ਹੈ। ਜਿਸ ਲਈ ਵਧੇਰੇ ਸਮਾਂ ਲਗ ਸਕਦਾ ਹੈ। ਉਨ੍ਹਾਂ ਦਸਿਆ ਕਿ ੧੯ਵੀਂ ਸਦੀ ਦੇ ਕਲਾ ਨਮੂਨੇ ਤੇ ਅਧਾਰਿਤ ਵਿਸ਼ੇਸ਼ ਕਿਸਮ ਦੀਆਂ ਇੱਟਾਂ ਘੜੀਆਂ ਜਾ ਰਹੀਆਂ ਹਨ, ਜਿਨ੍ਹਾਂ ਦੀ ਘਸਾਈ ਤੇ ਬਹੁਤ ਸਮਾਂ ਤੇ ਧਨ ਖਰਚ ਹੁੰਦਾ ਹੈ। ਪਰ ਇਮਾਰਤ ਦੀ ਤਿਆਰੀ ਉਪਰੰਤ ਭਵਨ ਕਲਾ ਦੇ ਖਿਆਲ ਨਾਲ ਇਹ ਅਹਿਮ ਹੋਵੇਗੀ। ਫੁੱਲ ਬੂਟਿਆਂ ਦੇ ਨਮੂਨੇ ਇੱਟਾਂ ਨੂੰ ਘੜ ਕੇ ਤਿਆਰ ਕੀਤੇ ਜਾ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ ਹੇਠ ਆ ਗਏ ਇਸ ਧਰਮ ਅਸਥਾਨ ਦੇ ਨਾਮ ਨਾਲ ਮਹਾਰਾਜਾ ਰਣਜੀਤ ਸਿੰਘ ਅਤੇ ਸਿੱਖ ਰਿਆਸਤਾਂ ਵਲੋਂ ਵੱਡੀਆਂ ਜਗੀਰਾਂ ਅਤੇ ਜ਼ਮੀਨਾਂ ਲਾਈਆਂ ਗਈਆਂ ਸਨ ਜਿਸ ਤੇ ਹੁਣ ਵੀ ਧਰਮ ਅਸਥਾਨ ਦਾ ਹੀ ਅਧਿਕਾਰ ਹੈ ਅਤੇ ਉਥੇ ਖੇਤੀਬਾੜੀ ਕੀਤੀ ਜਾਂਦੀ ਹੈ। ਇਸੇ ਖੇਤਰ ਦੇ ਆਸ ਪਾਸ ਹੋਰ ਵੀ ਕਈ ਧਰਮ ਅਸਥਾਨ ਹਨ ਪਰ ਚੌਹੀਂ ਪਾਸੀਂ ਖੇਤਾਂ ਦੀ ਹਰਿਆਲੀ ਵਿਚ ਇਹ ਇਕੋ ਇਕ ਅਸਥਾਨ ਬੜਾ ਰਮਣੀਕ ਲੱਗਦਾ ਹੈ।

**ਪਾਠਕ ਜੀ**—ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਲਿਖਣਾ ਅਤਿ ਜ਼ਰੂਰੀ ਹੈ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

(੨) ਜੇ ਪਰਚਾ ੧੫ ਤਰੀਕ ਤਕ ਨਾ ਪੁਜੇ ਤਾਂ ਗੁੰਮ ਗਿਆ ਸਮਝ ਕੇ ਦੁਬਾਰਾ ਪਰਚਾ ਮੰਗ ਭੇਜਣ ਲਈ ਕਾਰਡ ਲਿਖੋ

(੩) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਜਦੋਂ ਵੇਖੋ, ਓਦੋਂ ਹੀ ਚੰਦਾ ਮਨੀਆਰਡਰ ਰਾਹੀਂ ਭੇਜ ਦੇਵੋ ਜੀ।



www.AKJ.Org

# ਪਹਿਲਾ ਘਲੂਘਾਰਾ (੬)

[ ਕੈਪਟਿਨ ਸਵਰਨ ਸਿੰਘ ਜੀ ]

**ਲਖਪਤ ਰਾਏ ਵਾਪਸ ਲਾਹੌਰ ਨੂੰ–**

ਲਖਪਤ ਰਾਏ ਬਿਆਸ ਨਦੀ ਪਾਰ ਕਰ ਕੇ ਜਦ ਸਿੰਘਾਂ ਦੀ ਪੈੜ ਕਢਦਾ ਹੋਇਆ ਮੀਰ-ਕੋਟ ਦੀ ਝਿੜੀ ਪਾਸ ਪੁਜਾ, ਉਸ ਨੂੰ ਖ਼ਬਰ ਮਿਲੀ ਕਿ ਦਲ ਖਾਲਸਾ ਕਪੂਰਥਲੇ ਵਲ ਉਲਰ ਗਿਆ ਹੈ ਤੇ ਸਤਲੁਜ ਦਰਿਆ ਵਲ ਵਧ ਰਿਹਾ ਹੈ। ਸੋ ਉਸ ਨੇ ਇਸ ਨੂੰ ਆਪਣੀ ਬਹੁਤ ਵੱਡੀ ਜਿਤ ਸਮਝਿਆ ਤੇ ਕਿਹਾ ਕਿ ਮੈਂ ਇਨ੍ਹਾਂ ਬਦਬਖ਼ਤਾਂ ਨੂੰ ਐਸੀ ਮਾਰ ਮਾਰੀ ਹੈ ਕਿ ਹੁਣ ਮੁੜ ਪੰਜਾਬ ਵਲ ਮੂੰਹ ਨਹੀਂ ਕਰਨਗੇ। ਇਸ ਤੋਂ ਅੱਗੇ ਸਿੰਘਾਂ ਮਗਰ ਬਹੁਤਾ ਪੈਣ ਦਾ ਖ਼ਿਆਲ ਛੱਡ ਕੇ ਵਾਪਸ ਲਾਹੌਰ ਵਲ ਕੂਚ ਕਰ ਦਿਤਾ। ਅਗਲੇ ਦਿਨ ਦਰਿਆ ਬਿਆਸ ਨੂੰ ਬੇੜੀਆਂ ਰਾਹੀਂ ਪਾਰ ਕਰਕੇ ਤੀਜੇ ਦਿਨ ਲਾਹੌਰ ਜਾ ਪੁਜਾ। ਲਾਹੌਰ ਆ ਕੇ ਉਸ ਨੇ ਹੋਰ ਅੱਤ ਚੁਕ ਲਈ, ਭਾਵੇਂ ਉਸ ਨੇ ਪਹਿਲਾਂ ਹੀ ਕੋਈ ਕਸਰ ਨਹੀਂ ਸੀ ਛੱਡੀ। ਕਾਹਨੂੰਵਾਨ ਵੱਲ ਸਿਖਾਂ ਵਿਰੁਧ ਚੜ੍ਹਾਈ ਕਰਨ ਵੇਲੇ ਜੋ ਲਾਹੌਰ ਵਿਖੇ ਅਤੇ ਆਸ ਪਾਸ ਪਿੰਡਾਂ ਵਿਚ ਗੁਰਦਵਾਰੇ, ਉਸ ਪਾਸ ਸਮਾਂ ਥੋੜਾ ਹੋਣ ਕਰਕੇ ਢੁਆਹੁਣੋਂ ਬਚ ਗਏ ਸਨ, ਉਹ ਹੁਣ ਆ ਕੇ ਢਾਹ-ਢੇਰੀ ਕਰਵਾਏ। ਗੁਰੂ ਗ੍ਰੰਥ ਸਾਹਿਬ ਤੇ ਬਾਣੀ ਦੀਆਂ ਪੋਥੀਆਂ ਨੂੰ ਲਭ ਲਭ ਕੇ ਅੱਗ ਲਗਵਾਈ ਜਾਂ ਦਰਿਆ ਵਿਚ ਸੁਟਵਾ ਦਿਤੀਆਂ। ਡੌਂਡੀ ਪਿਟਵਾ ਕੇ ਬੜੇ ਹੰਕਾਰ ਨਾਲ ਇਹ ਐਲਾਨ ਕੀਤਾ ਕਿ ਇਕ ਖਤਰੀ ਨੇ ਇਹ ਪੰਥ ਚਲਾਇਆ ਸੀ; ਮੈ ਇਕ ਖਤਰੀ ਨੇ ਇਸ ਨੂੰ ਬਰਬਾਦ ਕਰਕੇ ਮਿਟਾ ਦੇਣ ਦੀ ਕਸਮ ਖਾਧੀ ਸੀ, ਉਹ ਪੂਰੀ ਕਰ ਦਿਤੀ ਹੈ ਤੇ ਇਸ ਉਸ਼ਟੰਡ ਨੂੰ ਜਹਾਨ 'ਚੋਂ ਖ਼ਤਮ ਕਰ ਦਿਤਾ ਹੈ। ਆਪਣੇ ਆਪ ਨੂੰ ਖਾਲਸਾ ਪੰਥ ਅਖਵਾਉਣ ਵਾਲਿਆਂ ਨੂੰ ਤੈ-ਤੇਗ ਕਰ ਦਿਤਾ ਹੈ। ਜੇ ਕੋਈ ਲੁਕ ਛਿਪ ਕੇ ਬਚਿਆ ਸੀ, ਮਾਰ ਮਾਰ ਦੇਸ਼ੋਂ ਕੱਢ ਦਿਤਾ ਹੈ। ਹੁਣ ਅੱਗੇ ਤੋਂ ਕੋਈ ਭੁਲ ਕੇ ਵੀ ਗੁਰਬਾਣੀ ਨਾ ਪੜ੍ਹੇ, ਗੁਰੂ ਨਾਨਕ ਨੂੰ "ਨਾਨੂ" ਆਖੇ। ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦਾ ਜੋ ਨਾਉਂ ਲਵੇਗਾ, ਉਸ ਦਾ ਪੇਟ ਚਾਕ ਕਰ ਦਿਤਾ ਜਾਵੇਗਾ। ਜੋ ਬਾਣੀ ਪੜ੍ਹੇਗਾ, ਉਸ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾਵੇਗਾ। ਹਰ ਕੋਈ 'ਗੁੜ' ਸ਼ਬਦ ਦੀ ਥਾਂ ਭੇਲੀ ਆਖੇ, ਕਿਉਂਕਿ ਗੁੜ ਆਖਣ ਨਾਲ ਗੁਰ ਯਾਦ ਆਉਂਦਾ ਹੈ। ਕੇਸ ਦਾੜ੍ਹੀ ਕੋਈ ਨਾ ਰਖੇ ਅਤੇ ਨਾ ਹੀ ਕੋਈ ਸਿਖਾਂ ਵਾਲਾ ਨਾਉਂ ਹੀ ਰਖੇ।"†

ਉਸ ਦਾ ਇਹ ਨਿਸਚਾ ਬਣ ਗਿਆ ਸੀ ਕਿ ਸ਼ਾਇਦ ਇਸ ਤਰ੍ਹਾਂ ਦੀ ਸਖ਼ਤੀ ਕਰਕੇ ਉਹ ਸਿੰਘਾਂ ਅਤੇ ਸਿਖੀ ਨੂੰ ਜਹਾਨ ਵਿਚੋਂ ਉੱਕਾ ਹੀ ਮਿਟਾ ਦੇਵੇਗਾ। ਪਰ ਮਾਰਨ ਵਾਲੇ ਨਾਲੋਂ ਰਖਣ ਵਾਲਾ ਪ੍ਰਬਲ ਹੈ।

ਇਸ ਤੋਂ ਪਿਛੋਂ ਕਾਬਲ, ਦਿਲੀ ਤੇ ਪੰਜਾਬ ਦੇ ਹਾਲਾਤ ਨੇ ਬੜੀ ਤੇਜ਼ੀ ਨਾਲ ਐਸੇ ਪਲਟੇ ਖਾਧੇ ਕਿ ਨਾ ਯਾਹੀਆ ਖ਼ਾਨ ਦਾ ਰਾਜ ਰਿਹਾ ਅਤੇ ਨਾ ਲਖਪਤ ਰਾਏ ਦੀ ਦੀਵਾਨੀ।

**ਯਾਹੀਆ ਖਾਨ ਦਾ ਭਰਾ ਸ਼ਾਹ ਨ੍ਵਿਾਜ਼ ਲਾਹੌਰ ਦਾ ਸੂਬੇਦਾਰ ਬਣਿਆ ਅਤੇ ਅਹਿਮਦ ਸ਼ਾਹ ਦੁਰਾਨੀ ਦਾ ਪਹਿਲਾ ਹਮਲਾ–**

੧੦ ਮਾਰਚ ੧੭੪੬ ਨੂੰ ਸੋਮਾਵਤੀ ਮਸਿਆ ਦੇ ਦਿਨ ਲਖਪਤ ਰਾਏ ਨੇ ਲਾਹੌਰ ਸਰਕਾਰ ਦੇ ਕਈ ਬੇਦੋਸ਼ੇ ਚਕਰੈਲ ਤੇ ਸ਼ਹਿਰ ਦੇ ਕਈ ਦੁਕਾਨਦਾਰ ਸਿਖ ਕਤਲ ਕਰਵਾ ਦਿਤੇ ਸਨ ਅਤੇ ਦੀਵਾਨ ਲੱਛੀ ਰਾਮ, ਦੀਵਾਨ ਕੌੜਾ ਮੱਲ, ਦੀਵਾਨ ਸੂਰਤ ਸਿੰਘ ਤੇ ਹੋਰ ਬਹੁਤ ਸਾਰੇ ਲਾਹੌਰ ਦੇ ਪਤਵੰਤਿਆਂ ਦੀਆਂ ਮਿੰਨਤਾਂ ਅਤੇ ਆਪਣੇ ਗੁਰੂ ਸੰਤ ਜਗਤ-ਭਗਤ ਦੀ ਨਸੀਹਤ ਤੇ ਮਿੰਨਤ ਨੂੰ ਕਿ ਇਹਨਾਂ ਬੇਦੋਸ਼ਿਆਂ ਨੂੰ ਸੋਮਾਵਤੀ ਮਸਿਆ ਵਾਲੇ ਦਿਨ ਨਾ ਕਤਲ ਕੀਤਾ ਜਾਵੇ, ਠੁਕਰਾ ਦ੍ਿਤਾ ਸੀ। ਓਦੋਂ ਲੋਕ ਬਹੁਤ ਮਾਯੂਸ ਹੋਏ ਸਨ। ਸੰਤ ਜਗਤ-ਭਗਤ ਜੀ ਨੇ ਤਾਂ ਅਤਿ ਨਿਰਾਸਤਾ ਵਿਚ ਲਖਪਤ ਨੂੰ ਸਰਾਪ ਹੀ ਦੇ ਦਿਤਾ ਸੀ ਕਿ "ਤੇਰੀ ਜੜ੍ਹ ਨਾ ਰਹੂ।" ਦੀਵਾਨ ਕੌੜਾ ਮਲ ਲਾਹੌਰ ਛੱਡ ਕੇ ਮੁਲਤਾਨ

† ਸ: ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼ ਸਫ਼ਾ ੩੨੨, ਸੰਪਾਦਿਤ ਭਾਈ ਵੀਰ ਸਿੰਘ, ਛਾਪ ੧੯੬੨



www.AKJ.Org

ਨੂੰ ਤੁਰ ਗਿਆ ਜਿਥੋਂ ਦਾ ਯਾਹੀਆ ਖਾਨ ਦਾ ਛੋਟਾ ਭਾਈ ਮਿਰਜ਼ਾ ਹਯਾਤੁਲਾ ਖਾਨ (ਪ੍ਰਸਿਧ ਫ਼ਲੋਰੀ ਖਾਨ)–ਜਿਸ ਨੂੰ ਨਾਦਰਸ਼ਾਹ ਨੇ ਸ਼ਾਹਨਿਵਾਜ਼ ਦਾ ਖਿਤਾਬ ਅਤੇ ਮੁਲਤਾਨ ਦੀ ਹਕੂਮਤ ਦਿਤੀ ਸੀ–ਸੂਬੇਦਾਰ ਸੀ। ਦੀਵਾਨ ਕੌੜਾ ਮੱਲ ਲਾਹੌਰ ਵਿਖੇ ਯਾਹੀਆ ਖਾਨ ਹਥੋਂ ਸਿੰਘਾਂ ਦੀ ਕਤਲੇਆਮ ਹਟਾਉਣ ਵਿਚ ਕੋਈ ਚਾਰਾ ਨਾ ਚਲਦਾ ਵੇਖ ਕੇ ਮੁਲਤਾਨ ਨੂੰ ਇਹ ਮਨ ਬਣਾ ਕੇ ਗਿਆ ਜਾਪਦਾ ਹੈ ਜੋ ਮਗਰੋਂ ਦੇ ਵਾਕਿਆਤ ਨੇ ਸਪੱਸ਼ਟ ਵੀ ਕਰ ਦਿਤਾ ਸੀ, ਕਿ ਜਿਵੇਂ ਕਿਵੇਂ ਸਿੰਘਾਂ ਉਤੇ ਹੋ ਰਹੀ ਸਖ਼ਤੀ ਰੋਕਣ ਦੀ ਕੋਈ ਬਿਧ ਬਣ ਸਕੇ। ਜਿੰਨਾ ਚਿਰ ਯਾਹੀਆ ਖਾਨ ਲਾਹੌਰ ਦਾ ਗਵਰਨਰ ਸੀ, ਸਿਖਾਂ ਦੀ ਇਕ-ਵਢੋਂ ਕਤਲਾਮ ਦੇ ਰੁਕਣ ਦੀ ਕੋਈ ਆਸ ਨਹੀਂ ਸੀ। ਇਸ ਲਈ ਇਸ ਘੋਰ ਅਤਿਆਚਾਰ ਨੂੰ ਰੋਕਣ ਲਈ ਯਾਹੀਆ ਖਾਨ ਦੇ ਜ਼ੁਲਮੀ ਰਾਜ ਦਾ ਖ਼ਾਤਮਾ ਜ਼ਰੂਰੀ ਸੀ। ਮੁਲਤਾਨ ਆ ਕੇ ਕੌੜਾ ਮੱਲ ਨੇ ਆਪਣੀ ਲਿਆਕਤ ਤੇ ਪੁਰਾਣੇ ਰਸੂਖ਼ ਨਾਲ ਕਾਫ਼ੀ ਤਾਕਤ ਪੈਦਾ ਕਰ ਲਈ। ਸ਼ਾਹ ਨਿਵਾਜ਼ ਨੂੰ ਇਕ ਲਾਇਕ ਤੇ ਤਜਰਬੇਕਾਰ ਸਲਾਹਕਾਰ ਤੇ ਪ੍ਰਬੰਧਕ ਮਿਲ ਗਿਆ।

ਜ਼ਕਰੀਆ ਖ਼ਾਨ ਦੇ ਮਰਨ ਪਿਛੋਂ ਯਾਹੀਆ ਖ਼ਾਨ ਲਾਹੌਰ ਦਾ ਹਾਕਿਮ ਬਣਿਆ ਸੀ। ਮੁਗਲੀਆ ਕਾਨੂੰਨ ਦੇ ਤਹਿਤ ਜ਼ਕਰੀਆ ਖਾਨ ਦੀ ਮੌਤ ਪਿਛੋਂ ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਗਈ ਸੀ। ਯਾਹੀਆ ਖਾਨ ਦਿਲੀ ਗਿਆ ਤੇ ਵਜ਼ੀਰ ਕਮਰੁੱਦੀਨ ਦੀ ਸਿਫਾਰਸ਼ ਨਾਲ ਇਹ ਜਾਇਦਾਦ ਜ਼ਕਰੀਆ ਖਾਨ ਦੇ ਪੁਤਾਂ ਨੂੰ ਵਾਪਸ ਹੋ ਜਾਣ ਦੇ ਹੁਕਮ ਜਾਰੀ ਕਰਵਾ ਲਏ। ਲਾਹੌਰ ਵਾਪਸ ਆ ਕੇ ਸਾਰੀ ਜਾਇਦਾਦ, ਜੋ ਕਰੋੜਾਂ ਰੁਪਏ ਦੀ ਮਾਲੀਅਤ ਦੀ ਸੀ, ਦਾ ਇਕੱਲਾ ਮਾਲਕ ਬਣ ਬੈਠਾ ਤੇ ਆਪਣੇ ਭਾਈ ਸ਼ਾਹ ਨਿਵਾਜ਼ ਨੂੰ ਇਸ ਜਾਇਦਾਦ ਵਿਚੋਂ ਉਸ ਦਾ ਹਿੱਸਾ ਦੇਣ ਤੋਂ ਇਨਕਾਰੀ ਹੋ ਗਿਆ। ਆਪਣੀ ਜਾਇਦਾਦ ਵੰਡਾਉਣ ਲਈ ਸ਼ਾਹ ਨਿਵਾਜ਼ ਨਵੰਬਰ ੧੭੪੬ ਈਸਵੀ ਵਿਚ ਲਾਹੌਰ ਆਇਆ। ਦੀਵਾਨ ਸੂਰਤ ਸਿੰਘ ਰਾਹੀਂ ਗੱਲ ਬਾਤ ਸ਼ੁਰੂ ਕੀਤੀ। ਪਰ ਯਾਹੀਆ ਖਾਨ ਨੇ ਇਕ ਨਾ ਸੁਣੀ। ਸ਼ਾਹ ਨਿਵਾਜ਼ ਵੀ ਆਪਣਾ ਐਡਾ ਵੱਡਾ ਹਿੱਸਾ ਵਿਚੇ ਛਡਣ ਵਾਲਾ ਨਹੀਂ ਸੀ। ਉਸ ਨੇ ਦੁਆਬੇ ਦੇ ਫ਼ੌਜਦਾਰ ਅਦੀਨਾ ਬੇਗ ਨੂੰ ਆਪਣੇ ਨਾਲ ਗੰਢ ਲਿਆ ਅਤੇ ਉਸ ਨੂੰ ਨਾਲ ਲੈ ਕੇ ਦੀਵਾਨ ਕੌੜਾ ਮਲ ਤੇ ਹਸ਼ਮਤੁੱਲਾ ਖਾਨ ਆਪਣੇ ਭਰੋਸੇ ਵਾਲੇ ਸਰਦਾਰਾਂ ਸਣੇ ਸ਼ਾਲਾਮਾਰ ਬਾਗ ਦੇ ਲਾਗੇ ਆਪਣੇ ਬਾਪ ਜ਼ਕਰੀਆ ਖ਼ਾਨ ਦੀ ਕਬਰ ਪਾਸ ਆਣ ਡੇਰੇ ਲਾਏ।

੧੩ ਮਾਰਚ ਸੰਨ ੧੭੪੭ (ਮੁਤਾਬਕ ੧੨ ਰਬੀਉਲ ਅਵਲ ੧੧੬੦ ਹਿ:) ਨੂੰ ਈਦ ਮੀਲਾਦਿ ਨਬੀ (ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਦਿਨ) ਦੇ ਦਿਨ ਦੋਵੇਂ ਧਿਰਾਂ ਈਦਗਾਹ ਵਿਚ ਨਿਮਾਜ਼ ਪੜ੍ਹਨ ਗਈਆਂ। ਅੱਗ ਤਾਂ ਪਹਿਲਾਂ ਹੀ ਸੁਲਗ ਰਹੀ ਸੀ। ਇਥੇ ਨਮਾਜ਼ ਪਿਛੋਂ ਮਾਮੂਲੀ ਝਗੜੇ ਨੇ ਸੁਲਗਦੀ ਅੱਗ ਨੂੰ ਭਾਂਬੜ ਦਾ ਰੂਪ ਦੇ ਦਿਤਾ। ਦੁਵੱਲੀ ਤਲਵਾਰ ਚਲੀ। ਯਾਹੀਆ ਖਾਨ ਆਪਣੇ ਬਹੁਤ ਸਾਰੇ ਸਾਥੀ ਮਰਵਾ ਕੇ ਜਾਨ ਬਚਾਉਣ ਲਈ ਭਜ ਨਿਕਲਿਆ ਤੇ ਜ਼ਨਾਨਾ ਹਵੇਲੀ ਵਿਚ ਜਾ ਵੜਿਆ। ਇਥੇ ਹੀ ਸ਼ਾਹ ਨਿਵਾਜ਼ ਨੇ ਉਸ ਨੂੰ ਕੈਦ ਕਰ ਲਿਆ ਅਤੇ ਲਾਹੌਰ ਉਤੇ ਕਬਜ਼ਾ ਜਮਾ ਲਿਆ। ਇਸ ਤਰ੍ਹਾਂ ਯਾਹੀਆ ਖਾਨ ਵਲੋਂ ਸਿੰਘਾਂ ਦੀ ਕਤਲਾਮ ਦਾ ਅੰਤ ਹੋ ਗਿਆ। ਨੌਂ ਵਰ੍ਹਿਆਂ ਪਿਛੋਂ ਖਾਲਸੇ ਨੂੰ ਸੁਖ ਦਾ ਸਾਹ ਲੈਣਾ ਨਸੀਬ ਹੋਇਆ।

**ਸ਼ਾਹਨਿਵਾਜ਼ ਦਾ ਲਾਹੌਰ ਉਤੇ ਕਬਜ਼ਾ ਤੇ ਲਖਪਤ ਦੀ ਦੀਵਾਨੀ ਦਾ ਅੰਤ–**

ਲਾਹੌਰ ਉਤੇ ਕਬਜ਼ਾ ਕਰ ਕੇ ਸ਼ਾਹ ਨਿਵਾਜ਼ ਨੇ ਯਾਹੀਆ ਖਾਨ ਦੇ ਵੱਡੇ ਸਲਾਹਕਾਰ ਅਤੇ ਨਾਇਬ ਮੀਰ ਮੋਮਨ ਖਾਨ ਕਸੂਰੀਏ, ਵੱਡੇ ਦੀਵਾਨ ਲਖਪਤ ਰਾਏ ਅਤੇ ਹੋਰ ਕਈ ਅਫ਼ਸਰਾਂ ਨੂੰ ਕੈਦ ਕਰ ਲਿਆ। ਉਹਨਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਤੇ ਘਰ ਘਾਟ ਤਬਾਹ ਕਰ ਸੁਟੇ। ਕੌੜਾ ਮਲ ਨੂੰ ਵੱਡਾ ਦੀਵਾਨ ਥਾਪਿਆ। ਯਾਹੀਆ ਖਾਨ ਕਸੂਰੀ ਪਠਾਣਾਂ ਦੀ ਸਹਾਇਤਾ ਨਾਲ ਕੈਦ ਵਿਚੋਂ ਨਿਕਲ ਕੇ ਦਿਲੀ ਨੂੰ ਭਜ ਗਿਆ। ਉਹ ਜ਼ਿੰਦਗੀ ਤੋਂ ਏਨਾ ਮਾਯੂਸ ਹੋ ਗਿਆ ਕਿ ਆਪਣੇ ਸਾਰੇ ਦੁਨਿਆਵੀ ਦਾਅਵੇ ਛਡ ਛਡਾ ਕੇ ਫ਼ਰੁਖਾਬਾਦ ਜਾ ਕੇ ਫ਼ਕੀਰ ਹੋ ਗਿਆ ਤੇ ਯਾਹੀਆ ਸ਼ਾਹੀ ਦਰਵੇਸ਼ ਦੇ ਨਾਂ ਨਾਲ ਪ੍ਰਸਿਧ ਹੋਇਆ। ਉਸ ਨੇ ਇਥੇ ਹੀ ਪ੍ਰਾਣ ਤਿਆਗੇ ਤੇ ਫ਼ਰੁਖਾਬਾਦ ਵਿਚ ਹੀ ਉਸ ਨੂੰ ਦਫ਼ਨ ਕੀਤਾ ਗਿਆ। ਉਸ ਦੀ ਕਬਰ ਉਥੇ ਮੌਜੂਦ ਹੈ।



www.AKJ.Org

## ਸ਼ਾਹਨਿਵਾਜ਼ ਨੇ ਅਹਿਮਦਸ਼ਾਹ ਦੁਰਾਨੀ ਨੂੰ ਸਹਾਇਤਾ ਲਈ ਸਦਣਾ–

ਯਾਹੀਆ ਖਾਨ ਦੇ ਦਿਲੀ ਨੂੰ ਭਜ ਜਾਣ ਕਰਕੇ ਸ਼ਾਹ ਨਿਵਾਜ਼ ਘਬਰਾ ਗਿਆ। ਕਿਉਂਕਿ ਇਸ ਵੇਲੇ ਦਿਲੀ ਦਾ ਵੱਡਾ ਵਜ਼ੀਰ ਕਮਰੁੱਦੀਨ ਖ਼ਾਨ ਸੀ, ਜੋ ਜ਼ਕਰੀਆ ਖਾਨ ਦਾ ਚਾਚਾ ਲਗਦਾ ਸੀ। ਸ਼ਾਹ ਨਿਵਾਜ਼ ਨੇ ਧੀਂਗੋਜ਼ੋਰੀ ਲਾਹੌਰ ਉਤੇ ਕਬਜ਼ਾ ਕਰ ਲਿਆ ਸੀ। ਬਾਦਸ਼ਾਹ ਮੁਹੰਮਦ ਸ਼ਾਹ (ਰੰਗੀਲਾ) ਤੇ ਕਮਰੁੱਦੀਨ ਵਜ਼ੀਰ ਦੇ ਗੁੱਸੇ ਤੋਂ ਡਰਦੇ ਸ਼ਾਹ ਨਿਵਾਜ਼ ਨੇ ਅਹਿਮਦ ਸ਼ਾਹ ਦੁਰਾਨੀ ਨੂੰ ਹਿੰਦੁਸਤਾਨ ਉਤੇ ਚੜ੍ਹ ਆਉਣ ਲਈ ਸੱਦ ਭੇਜਿਆ, ਜਿਸ ਨੇ ਆਪਣੇ ਆਕਾ ਨਾਦਰਸ਼ਾਹ ਨੂੰ ੮–੯ ਜੂਨ ੧੭੪੭ ਦੀ ਵਿਚਕਾਰਲੀ ਰਾਤ ਨੂੰ ਕਤਲ ਕਰ ਦਿਤਾ ਸੀ ਤੇ ਉਸ ਦੇ ਪਿਛੋਂ ਆਪ ਆਜ਼ਾਦ ਅਫਗਾਨਿਸਤਾਨ ਦਾ ਬਾਦਸ਼ਾਹ ਬਣ ਬੈਠਾ ਸੀ। ਇਹ ਖ਼ਬਰ ਜਦ ਕਮਰੁੱਦੀਨ ਨੂੰ ਮਿਲੀ ਤਾਂ ਉਹ ਬਹੁਤ ਸਟਪਟਾਇਆ। ਪਰ ਇਹ ਬੁਢਾ ਵਜ਼ੀਰ ਬੜਾ ਹੀ ਦੂਰ-ਅੰਦੇਸ਼ ਸੀ। ਉਸ ਨੇ ਸ਼ਾਹ ਨਿਵਾਜ਼ ਨੂੰ ਬੜੀਆਂ ਫੁਲਾਹੁਣੀਆਂ ਲਿਖ ਭੇਜੀਆਂ। ਆਪਣੇ ਖ਼ਾਨਦਾਨ ਦੇ ਮੁਗ਼ਲੀਆ ਸਰਕਾਰ ਪ੍ਰਤੀ ਨਮਕ ਹਲਾਲੀ ਵਫ਼ਾਦਾਰੀ ਤੇ ਆਪਣੇ ਤੁਰਕਮਾਨੀ ਖ਼ਾਨਦਾਨ ਦੀ ਅਣਖ ਦੇ ਵਾਸਤੇ ਪਾ ਕੇ ਉਸ ਨੂੰ ਮਨਾ ਲਿਆ ਕਿ ਉਹ ਅਹਿਮਦਸ਼ਾਹ ਦੁਰਾਨੀ ਦਾ ਟਾਕਰਾ ਕਰੇ। ਬਾਦਸ਼ਾਹ ਵਲੋਂ ਲਾਹੌਰ ਦੀ ਹਾਕਮੀ ਉਸ ਦੇ ਨਾਂ ਪੱਕੀ ਕਰਾਉਣ ਤੇ ਸਹਾਇਤਾ ਲਈ ਦਿਲੀਓਂ ਫ਼ੌਜ ਭੇਜਣ ਦਾ ਵਾਹਿਦਾ ਕੀਤਾ। ਪਰ ਅਹਿਮਦਸ਼ਾਹ ਨੂੰ ਰੋਕ ਲੈਣਾ ਸ਼ਾਹ ਨਿਵਾਜ਼ ਦੇ ਵੱਸ ਦੀ ਗੱਲ ਨਹੀਂ ਸੀ। ਜਦ ਦੁਰਾਨੀ ੧੦ ਜਨਵਰੀ ੧੭੪੮ ਈ: ਨੂੰ ਰਾਵੀ ਪਾਰ ਕਰ ਆਏ ਤੇ ਲਾਹੌਰ ਦੀਆਂ ਕੰਧਾਂ ਹੇਠ ਆਣ ਪੁਜੇ ਤਾਂ ਸ਼ਾਹ ਨਿਵਾਜ਼ ੧੧–੧੨ ਜਨਵਰੀ ਦੀ ਰਾਤ ਨੂੰ ਦਿਲੀ ਨੂੰ ਦੌੜ ਗਿਆ। ੧੨ ਜਨਵਰੀ ੧੭੪੮ ਨੂੰ ਅਹਿਮਦਸ਼ਾਹ ਨੇ ਲਾਹੌਰ ਤੇ ਕਬਜ਼ਾ ਕਰ ਲਿਆ। ਲਾਹੌਰ ਨੂੰ ਦੁਰਾਨੀ ਨੇ ਬੜੀ ਬੇ-ਰਹਿਮੀ ਨਾਲ ਲੁਟਿਆ। ਇਸ ਲੁਟ ਨੇ ਦੁਰਾਨੀਆਂ ਦੀਆਂ ਭੁਖਾਂ ਮਿਟਾ ਦਿਤੀਆਂ।

ਅਹਿਮਦ ਸ਼ਾਹ ਅਬਦਾਲੀ ਲਾਹੌਰ ੩੭ ਦਿਨ ਰਿਹਾ। ਆਪਣੀ ਜਿੱਤ ਦੀ ਖੁਸ਼ੀ ਵਿਚ ਤੇ ਇਸ ਦੀ ਯਾਦਗਾਰ ਵਜੋਂ ਇਕ ਸਿੱਕਾ ਜਾਰੀ ਕੀਤਾ, ਜਿਸ ਪਰ ਇਹ ਲਿਖਿਆ ਹੋਇਆ ਸੀ–

ਦੁੱਰਿ-ਦੁਰਾਨ ਅਹਿਮਦਸ਼ਾਹ ਬਾਦਸ਼ਾਹ
ਜ਼ਰਬ ਦਾਰੁਲ ਸਲਤਨਤ ਲਾਹੌਰ
ਜਲੂਸ ਮੈਮਨਤ ਮਾਨੂਸ ਅਹਿਦ

ਅਰਥਾਤ– ਅਹਿਮਦਸ਼ਾਹ ਬਾਦਸ਼ਾਹ ਦੁੱਰਿ ਦੁਰਾਨ (ਮੋਤੀਆਂ ਦਾ ਮੋਤੀ)
ਟਕਸਾਲ ਰਾਜਧਾਨੀ ਲਾਹੌਰ
ਰਾਜ ਦਾ ਖੁਸ਼ੀਆਂ ਭਰਿਆ ਸਾਲ ਪਹਿਲਾ

## ਅਹਿਮਦਸ਼ਾਹ ਦਾ ਦਿਲੀ ਵਲ ਕੂਚ–

੯ ਸਾਲ ਪਹਿਲਾਂ ਨਾਦਰ ਸ਼ਾਹ ਦੇ ਦਿਲੀ ਉਤੇ ਹਮਲੇ ਵੇਲੇ ਅਹਿਮਦ ਸ਼ਾਹ ਉਸ ਦੇ ਅੰਗ ਰਖਿਅਕ (ਬਾਡੀ ਗਾਰਡ, ਜ਼ਾਤੀ ਮੁਹਾਫਿਜ਼) ਦੇ ਰੂਪ ਵਿਚ ਨਾਲ ਆਇਆ ਸੀ। ਦਿਲੀ ਦੀ ਮੁਗ਼ਲ ਹਕੂਮਤ ਕਿੰਨੀ ਬੋਡੀ (ਜਰਜਰੀ) ਹੋ ਚੁਕੀ ਸੀ, ਉਸ ਨੇ ਇਸ ਪੋਲ ਨੂੰ ਚੰਗੀ ਤਰ੍ਹਾਂ ਵੇਖਿਆ ਸੀ। ਅੱਜ ਵੀ ਉਹੋ ਅਯਾਸ਼ ਤੇ ਪਰਲੇ ਦਰਜੇ ਦਾ ਨਿਕੰਮਾ ਬਾਦਸ਼ਾਹ ਤਖ਼ਤ ਤੇ ਬਿਰਾਜਮਾਨ ਸੀ। ਉਸ ਵੇਲੇ ਦੀ ਲੁਟ ਦਾ ਨਕਸ਼ਾ ਉਸ ਦੀਆਂ ਅੱਖਾਂ ਦੇ ਸਾਹਮਣੇ ਸੀ। ਦਿਲੀ ਨੂੰ ਮੁੜ ਮੁੜ ਲੁਟਣ ਦੀ ਪ੍ਰਬਲ ਇੱਛਾ ਉਸ ਦੇ ਮਨ ਵਿਚ ਘਰ ਕਰੀ ਬੈਠੀ ਸੀ। ਹੁਣ ਸਬੱਬ ਨਾਲ ਹੱਥ ਆਏ ਮੌਕਿਆਂ ਤੋਂ ਭਰਪੂਰ ਫ਼ਾਇਦਾ ਉਠਾਉਣ ਵਾਸਤੇ ਦਿਲੀ ਹਕੂਮਤ ਨਾਲ ਟੱਕਰ ਲੈਣ ਦੀ ਤਿਆਰੀ ਕਰਨ ਲੱਗਾ। ਸੋ ਉਸ ਨੇ ਜਲ੍ਹੇਖਾਨ ਕਸੂਰੀ ਪਠਾਣ ਨੂੰ ਲਾਹੌਰ ਦਾ ਹਾਕਿਮ ਥਾਪਿਆ, ਮੋਮਨ ਖਾਨ ਨੂੰ ਉਸ ਦਾ ਨਾਇਬ ਤੇ ਲਖਪਤ ਰਾਏ ਨੂੰ ਦੀਵਾਨ। ਇਹ ਪ੍ਰਬੰਧ ਕਰ ਕੇ ਆਪ ੧੯ ਫਰਵਰੀ ੧੭੪੮ ਨੂੰ ਲਾਹੌਰੋਂ ਦਿਲੀ ਨੂੰ ਚੜ੍ਹ ਪਿਆ।



www.AKJ.Org

**ਸਿਘਾਂ ਦੀਆਂ ਦੁਰਾਨੀਆਂ ਉਤੇ ਝਪਟਾਂ–**

ਲਾਹੌਰੋਂ ਕੂਚ ਕਰ ਕੇ ਅਹਿਮਦਸ਼ਾਹ ਨੂਰ ਦੀ ਸਰਾਂ ਡੇਰਾ ਕਰੀ ਬੈਠਾ ਸੀ। ਜਿਹੜੇ ਖਾਲਸਾ ਪੰਥ ਨੂੰ ਲਖਪਤ ਰਾਏ ਨੇ ਮਾਰ ਕੇ ਖ਼ਤਮ ਕਰ ਦਿਤਾ ਸੀ ਤੇ ਜਿਨ੍ਹਾਂ ਬਾਰੇ ਉਹ ਕਹਿੰਦਾ ਨਹੀਂ ਸੀ ਥਕਦਾ ਕਿ ਮੇਰੀ ਮਾਰ ਤੋਂ ਜੋ ਬਚ ਨਿਕਲੇ ਹਨ, ਜੀਉਂਦੇ-ਜੀਅ ਪੰਜਾਬ ਵਲ ਮੂੰਹ ਨਹੀਂ ਕਰਨਗੇ, ਉਸ ਖਾਲਸਾ ਪੰਥ ਦੇ ਜਰਨੈਲ ਨਵਾਬ ਕਪੂਰ ਸਿੰਘ ਤੇ ਸ: ਜਸਾ ਸਿੰਘ ਇਸ ਵੇਲੇ ਤਰਨ ਤਾਰਨ ਸਨ ਅਤੇ ਸਰਦਾਰ ਚੜ੍ਹਤ ਸਿੰਘ, ਕਰੋੜਾ ਸਿੰਘ, ਖੁਸ਼ਹਾਲ ਸਿੰਘ, ਮਿਤ ਸਿੰਘ ਡਲੇਵਾਲੀਆ ਅਤੇ ਸਰਦਾਰ ਸ਼ਾਮ ਸਿੰਘ ਵੀ ਉਥੇ ਹੀ ਸਨ। ਉਹ ਸ਼ਾਇਦ ਇਹ ਵੇਖ ਰਹੇ ਸਨ ਕਿ ਰਾਜ ਦੇ ਬਦਲਦੇ ਹਾਲਾਤ ਵਿਚ ਉਹਨਾਂ ਦਾ ਕੋਈ ਦਾਉ ਭਰਦਾ ਹੈ ਕਿ ਨਹੀਂ। ਝਪਟਣ ਤੋਂ ਪਹਿਲਾਂ ਸ਼ੇਰ ਵਾਂਗ ਨਿਗਾਹ ਲਾਈ ਬੈਠੇ ਸਨ। ਏਨੇ ਨੂੰ ਦਿਲੀ ਨੂੰ ਜਾਂਦਾ ਹੋਇਆ ਅਹਿਮਦ ਸ਼ਾਹ ਏਧਰ ਆ ਗਿਆ ਤੇ ਜਦੋਂ ੨੧–੨੨ ਫਰਵਰੀ ਨੂੰ ਉਸ ਨੂਰ ਦੀ ਸਰਾਂ ਡੇਰਾ ਕੀਤਾ ਤਾਂ ਸਿੰਘਾਂ ਜਾ ਧਾਵਾ ਬੋਲਿਆ। ਅਹਿਮਦ ਸ਼ਾਹ ਦਿਲੀ ਨੂੰ ਫ਼ਤਹਿ ਕਰਨ ਲਈ ਕਾਫ਼ੀ ਜੰਗੀ ਸਾਮਾਨ ਤੇ ਹੋਰ ਸਾਜ਼ੋ ਸਾਮਾਨ ਲੱਦੀ ਨਾਲ ਲਈ ਜਾ ਰਿਹਾ ਸੀ। ਸਿੰਘਾਂ ਲਈ ਇਹੋ ਜਿਹਾ ਸ਼ਿਕਾਰ ਗ਼ਨੀਮਤ ਸੀ। ਦੂਜਾ ਉਹ ਦੁਰਾਨੀਆਂ ਦਾ ਲੜਨ-ਢੰਗ ਤੇ ਲੜਾਈ ਵਿਚ ਉਹਨਾਂ ਦੀ ਪੈਂਤੜੇਬਾਜ਼ੀ ਵੇਖਣਾ ਚਾਹੁੰਦੇ ਸਨ। ਤੋਪਾਂ ਜ਼ੰਬੂਰਿਆਂ ਤੋਂ ਬਿਨਾਂ ਤਾਂ ਉਹ ਫਸ ਕੇ ਲੜ ਹੀ ਨਹੀਂ ਸਨ ਸਕਦੇ। ਇਸ ਲਈ ਇਸ ਸ਼ਬਖੂਨ ਵਿਚ ਜੋ ਹੱਥ ਲੱਗਾ, ਲੈ ਕੇ ਪਾਸੇ ਹਟ ਗਏ। ਅਗਲੇ ਦਿਨ ਅਬਦਾਲੀ ਨੇ ਕੂਚ ਕੀਤਾ ਤੇ ਸਿੰਘਾਂ ਨੇ ਉਸ ਨੂੰ ਵੈਰੋਵਾਲ ਦੇ ਰਾਹ ਵਿਚ ਹੀ ਜਾ ਲਿਆ। ਇਕ ਤਕੜਾ ਝਪਟਾ ਮਾਰ ਕੇ ਪਿਛੇ ਹਟ ਗਏ।

ਇਸ ਵੇਲੇ ਹਾਲਤ ਇਹ ਸੀ ਕਿ ਨਾ ਤਾਂ ਸਿੰਘ ਹੀ ਅਬਦਾਲੀ ਨਾਲ ਮੱਥਾ ਜੋੜ ਕੇ ਟਕਰ ਲੈ ਸਕਦੇ ਸਨ, ਤੇ ਨਾ ਹੀ ਸਿੰਘਾਂ ਨਾਲ ਉਲਝਣ ਦੀ ਦੁਰਾਨੀ ਨੂੰ ਹੀ ਵੇਹਲ ਸੀ। ਉਂਜ ਉਹ ਨਾਦਰ ਸ਼ਾਹ ਨਾਲ ਮੁੜਦੇ ਸਮੇਂ ਕੀਰਤਪੁਰ-ਅਨੰਦਪੁਰ ਦੀਆਂ ਪਹਾੜੀਆਂ ਤੇ ਫਿਰ ਦੁਆਬੇ ਵਿਚ ਸਿੰਘਾਂ ਦਿਆਂ ਹੱਲਿਆਂ ਸਮੇਂ ਉਹਨਾਂ ਦੇ ਲੜਨ-ਢੰਗਾਂ ਬਾਰੇ ਕੁਝ ਕੁ ਤਜਰਬਾ ਰਖਦਾ ਸੀ। ਸਿੰਘਾਂ ਦੇ ਮਗਰ ਪੈ ਕੇ ਸਮਾਂ ਗਵਾਉਣਾ ਉਸ ਲਈ ਘਾਟੇਵੰਦਾ ਸੀ, ਕਿਉਂਕਿ ਦਿਲੀ ਵਲੋਂ ਇਕ ਵੱਡੀ ਫ਼ੌਜ ਸ਼ਹਿਜ਼ਾਦਾ ਅਹਿਮਦ ਤੇ ਵਜ਼ੀਰ ਕਮਰੁੱਦੀਨ ਦੀ ਅਗਵਾਈ ਹੇਠ ਉਸ ਦੇ ਟਾਕਰੇ ਲਈ ਚੜ੍ਹੀ ਆ ਰਹੀ ਸੀ। ਉਹ ਮੁਗਲ ਫ਼ੌਜ ਦੇ ਪੁਜਣ ਤੋਂ ਪਹਿਲਾਂ ਹੀ ਸਰਹੰਦ ਉਤੇ ਕਬਜ਼ਾ ਕਰਨਾ ਚਾਹੁੰਦਾ ਸੀ। ਸੋ ਉਸ ਨੇ ਸਿੰਘਾਂ ਦੀ ਇਸ ਲੁਟਖੋਹ ਦੀ ਕੋਈ ਪਰਵਾਹ ਨਾ ਕੀਤੀ। ਜਦ ਅਹਿਮਦਸ਼ਾਹ ਅੱਗੇ ਨੂੰ ਚਲਾਂ ਗਿਆ ਤਾਂ ਨਵਾਬ ਕਪੂਰ ਸਿੰਘ ਤੇ ਸ: ਜੱਸਾ ਸਿੰਘ ਦੁਆਬੇ ਵਿਚ ਹੀ ਰਹੇ ਅਤੇ ਸਰਦਾਰ ਸੁਖਾ ਸਿੰਘ, ਚੜ੍ਹਤ ਸਿੰਘ ਅਤੇ ਦੂਸਰੇ ਸਰਦਾਰ ਬਿਆਸਾ ਟਪ ਕੇ ਮਾਝੇ ਵਿਚ ਦੀ ਹੁੰਦੇ ਹੋਏ ਕਲਾਨੌਰ ਜਾ ਉਤਰੇ।

**ਕਲਾਨੌਰ ਪਾਸ ਕੋਟ ਬੁਢਾ ਵਿਖੇ ਸਿੰਘਾਂ ਅਤੇ ਅਫ਼ਗਾਨਾਂ ਦੀ ਝਪਟ–**

ਅਹਿਮਦਸ਼ਾਹ ਉਤੇ ਨੂਰ ਦੀ ਸਰਾਂ ਤੇ ਵੈਰੋਵਾਲ ਦੇ ਰਾਹ ਵਿਚ ਸਿੰਘਾਂ ਦਿਆਂ ਹੱਲਿਆਂ ਦੀ ਖ਼ਬਰ ਜਦ ਲਾਹੌਰ ਪੁਜੀ ਤਾਂ ਨਵੇਂ ਆਕਾ ਦੇ ਨਵੇਂ ਦੀਵਾਨ ਨੇ ਆਪਣੀ ਨਮਕ-ਹਲਾਲੀ ਵਿਖਾਉਣ ਲਈ ਇਹ ਮੌਕਿਆ ਚੰਗਾ ਸਮਝਿਆ। ਨਾਲੇ ਲੋਕ ਵੀ ਕਹਿਣ ਲੱਗੇ ਕਿ ਦੀਵਾਨ ਸਾਹਿਬ ਦਾ ਸਦਾ ਲਈ ਖ਼ਤਮ ਕੀਤਾ ਹੋਇਆ ਉਸ਼ਟੰਡ ਕਿਥੋਂ ਆਣ ਹਾਜ਼ਰ ਹੋਇਆ ਹੈ। ਅਹਿਮਦਸ਼ਾਹ ਉਤੇ ਵੀ ਦੋ ਹਲੇ ਕੀਤੇ ਹਨ ਤੇ ਹੁਣ ਕਲਾਨੌਰ ਲਾਗੇ ਡੇਰੇ ਲਾਈ ਬੈਠੇ ਹਨ। ਕਲਾਨੌਰੋਂ ਭਲਾ ਉਹਨਾਂ ਲਈ ਲਾਹੌਰ ਕਿੰਨੀ ਕੁ ਦੂਰ ਹੈ। ਲੋਕਾਂ ਦੀਆਂ ਦਿਲ-ਵਢਵੀਆਂ ਤੇ ਕਟਵੀਆਂ ਸੁਣ ਸੁਣ ਕੇ ਦੀਵਾਨ ਨੂੰ ਕਾਫ਼ੀ ਨਮੋਸ਼ੀ ਹੋਈ। ਸਿੰਘਾਂ ਵਿਰੁਧ ਭਰਾ ਤੇ ਪੁਤ ਦੇ ਕਤੱਲ ਵਜੋਂ ਕਰੋਧ ਨੇ ਫਿਰ ਉਬਾਲ ਖਾਧਾ। ਜਲ੍ਹੇ ਖਾਨ ਕਸੂਰੀਏ, ਹਾਕਿਮ ਲਾਹੌਰ ਨਾਲ ਸਲਾਹ ਕਰਕੇ ਸਿੰਘਾਂ ਵਿਰੁਧ ਕਾਰਵਾਈ ਕਰਨ ਦਾ ਚੰਗਾ ਬਹਾਨਾ ਤਾਂ ਮਿਲ ਹੀ ਗਿਆ ਸੀ। ਉਸ ਨੇ ਲਾਹੌਰ ਵਿਖੇ ਅਫ਼ਗਾਨੀ ਦਸਤੇ, ਜੋ ਅਹਿਮਦਸ਼ਾਹ ਪਿਛੇ ਸਥਿਤ ਕਰ ਗਿਆ ਸੀ, ਨੂੰ ਮੋਮਨ ਖਾਨ ਕਸੂਰੀਏ ਦੀ ਅਗਵਾਈ ਵਿਚ ਸਿੰਘਾਂ ਵਿਰੁਧ ਚੜ੍ਹਾ ਦਿਤਾ। ਇਹ ਮਾਰੋ ਮਾਰ ਕਰਦਾ ਹੋਇਆ ਕਲਾਨੌਰ ਦੇ ਪਾਸ ਕੋਟ ਬੁਢੇ ਲਾਗ ਸ: ਸੁਖਾ ਸਿੰਘ ਤੇ ਸ: ਚੜ੍ਹਤ ਸਿੰਘ ਦੇ ਜਥੇ ਦੇ ਨਜ਼ਦੀਕ ਜਾ ਢੁਕਾ।

(ਚਲਦਾ)



www.AKJ.Org

ਪੰਜਾਬ ਸੰਕਟ ਦੇ ਸੰਦਰਭ ਵਿਚ

# ਸੁਨੀਲ ਦੱਤ ਨਾਲ ਵਿਸ਼ੇਸ਼ ਮੁਲਾਕਾਤ

[ ਪੇਸ਼ਕਸ਼—ਸ: ਸਤਨਾਮ ਸਿੰਘ ਮਾਣਕ ]

ਕਾਂਗਰਸ ਆਈ ਦੇ ਪਾਰਲੀਮੈਂਟ ਮੈਂਬਰ ਅਤੇ ਉਘੇ ਫ਼ਿਲਮਕਾਰ ਸ੍ਰੀ ਸੁਨੀਲ ਦੱਤ ਨੇ ਬੰਬਈ ਤੋਂ ਅੰਮ੍ਰਿਤਸਰ ਤਕ ਅਮਨ ਤੇ ਸਦ-ਭਾਵਨਾ ਮਿਸ਼ਨ ਲੈ ਕੇ ਲੰਮੀ ਪਦ-ਯਾਤਰਾ ਕੀਤੀ, ਜਿਸ ਦੀ ਸਮਾਪਤੀ ਤੇ ੧੩ ਅਪ੍ਰੈਲ ਨੂੰ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਪੰਜਾਬ ਸਮੱਸਿਆ ਸੰਬੰਧੀ ਉਨ੍ਹਾਂ ਨੇ ਵਿਸ਼ੇਸ਼ ਗੱਲ ਬਾਤ ਕੀਤੀ। ੧੯ ਅਪ੍ਰੈਲ ਨੂੰ ਜਲੰਧਰ ਵਿਖੇ ਇਸ ਸੰਬੰਧ ਵਿਚ ਰੋਜ਼ਾਨਾ ਅਜੀਤ ਦੇ ਨੁਮਾਇੰਦੇ ਨਾਲ ਮੁਲਾਕਾਤ ਸਮੇਂ ਉਨ੍ਹਾਂ ਨਾਲ ਜੋ ਵਿਚਾਰ-ਵਟਾਂਦਰਾ ਹੋਇਆ, ਉਸ ਦਾ ਕੁਝ ਹਿੱਸਾ ਅਸੀਂ ਦੇ ਰਹੇ ਹਾਂ।

—ਸੰਪਾਦਕ

? ਸਿੰਘ ਸਾਹਿਬਾਨ ਪ੍ਰੋ: ਦਰਸ਼ਨ ਸਿੰਘ ਤੇ ਬਾਕੀ ਸਿੰਘ ਸਾਹਿਬਾਨ ਨਾਲ ਤੁਹਾਡੀ ਗੱਲਬਾਤ ਕਿਵੇਂ ਰਹੀ ?

੦ ਉਹਨਾਂ ਨੇ ਆਪਣਾ ਪੱਖ ਬਹੁਤ ਸਪੱਸ਼ਟ ਰੂਪ ਵਿਚ ਪੇਸ਼ ਕੀਤਾ। ਸਿੱਖ ਫ਼ਿਰਕੇ ਨਾਲ ਹੋਈਆਂ ਜ਼ਿਆਦਤੀਆਂ ਦਾ ਵੇਰਵਾ ਦਿੱਤਾ।

? ਕੀ ਤੁਸੀਂ ਉਹਨਾਂ ਵਲੋਂ ਪੇਸ਼ ਕੀਤੇ ਗਏ ਦ੍ਰਿਸ਼ਟੀਕੋਨ ਨਾਲ ਸਹਿਮਤ ਹੋ ?

੦ ਹਾਂ, ਮੈਂ ਉਨ੍ਹਾਂ ਦੀਆਂ ਬਹੁਤੀਆਂ ਗੱਲਾਂ ਨਾਲ ਸਹਿਮਤ ਹਾਂ। ਮੈਂ ਇਹ ਸਵੀਕਾਰ ਕਰਦਾ ਹਾਂ ਕਿ ਪੰਜਾਬ ਸਮੱਸਿਆ ਨਾਲ ਨਿਪਟਣ ਵਿਚ ਗ਼ਲਤੀਆਂ ਹੋਈਆਂ ਹਨ। ਇਹ ਵੀ ਸਪੱਸ਼ਟ ਹੈ ਕਿ ਗਲਤੀਆਂ ਦੋਹਾਂ ਪਾਸਿਆਂ ਤੋਂ ਹੀ ਹੋਈਆਂ ਹਨ। ਤਾਂ ਹੀ ਇਹ ਮਸਲਾ ਇੰਨਾ ਗੰਭੀਰ ਹੋ ਗਿਆ।

? ਖਾੜਕੂ ਨੌਜਵਾਨਾਂ ਨੂੰ ਵੀ ਤੁਸੀਂ ਮਿਲੇ ਹੋ, ਤੁਹਾਨੂੰ ਉਨ੍ਹਾਂ ਦਾ ਵਰਤਾਉ ਕਿਸ ਤਰ੍ਹਾਂ ਦਾ ਲੱਗਾ ?

੦ (ਹੈਰਾਨੀ ਨਾਲ) ਇਹ ਖਾੜਕੂ ਕੀ ਹੁੰਦਾ ?

—ਖਾੜਕੂ ਤੋਂ ਸਾਡਾ ਭਾਵ ਮਿਲੀਟੈਂਟ, ਨੌਜਵਾਨਾਂ ਤੋਂ ਹੈ..।

੦ ਮੈਨੂੰ ਖਾੜਕੂ, ਮਿਲੀਟੈਂਟਸ, ਐਕਸਟਰੀਮਿਸਟ ਆਦਿ ਲਫਜ਼ਾਂ ਤੋਂ ਬਹੁਤ ਨਫਰਤ ਹੈ। ਉਹ ਸਾਡੇ ਬੱਚੇ ਹਨ, ਉਹਨਾਂ ਨੂੰ ਇਹੋ ਜਿਹੇ ਲਫਜ਼ਾਂ ਨਾਲ ਸੰਬੋਧਨ ਨਹੀਂ ਕਰਨਾ ਚਾਹੀਦਾ।

? ਫਿਰ ਨੌਜਵਾਨਾਂ ਨਾਲ ਤੁਹਾਡੀ ਗੱਲ ਬਾਤ.. ?

੦ ਹਾਂ, ਮੈਂ ਉਨ੍ਹਾਂ ਨੂੰ ਮਿਲਿਆ ਸਾਂ। ਉਹ ਪਿਆਰ ਦੇ ਭੁੱਖੇ ਹਨ। ਮੈਂ ਜਦੋਂ ਜੱਫੀ ਪਾ ਕੇ ਉਨ੍ਹਾਂ ਨੂੰ ਮਿਲਿਆ ਤਾਂ ਮੈਂ ਮਹਿਸੂਸ ਕੀਤਾ ਕਿ ਉਨ੍ਹਾਂ ਅੰਦਰ ਇਹ ਬਹੁਤ ਪਰਬਲ ਇੱਛਾ ਹੈ ਕਿ ਉਨ੍ਹਾਂ ਨੂੰ ਕੋਈ ਪਿਆਰ ਕਰੇ। ਮੈਨੂੰ ਇਹ ਜਾਪਿਆ ਕਿ ਉਹ ਨੌਜਵਾਨ ਚਾਹੁੰਦੇ ਸਨ ਕਿ ਮੈਂ ਉਨ੍ਹਾਂ ਨੂੰ ਘੁਟ ਕੇ ਦਿਲ ਨਾਲ ਲਾਈ ਰਖਾਂ। ਜਦੋਂ ਕੋਈ ਬੱਚਾ ਜੰਮਦਾ ਹੈ ਤਾਂ ਉਹ ਹੱਥ ਵਿਚ ਬੰਦੂਕ ਜਾਂ ਤਲਵਾਰ ਲੈ ਕੇ ਨਹੀਂ ਆਉਂਦਾ। ਇਹ ਸਮਾਜਿਕ ਹਾਲਤਾਂ ਹੀ ਸਾਨੂੰ ਕੁਝ ਬਣਾ ਦਿੰਦੀਆਂ ਹਨ। ਕੁਝ ਲੋਕ ਇਨ੍ਹਾਂ ਸਮਾਜਿਕ ਹਾਲਤਾਂ ਨੂੰ ਦੜ ਵੱਟ ਕੇ ਸਹਿ ਜਾਂਦੇ ਹਨ ਤੇ ਕੁਝ ਲੋਕ ਬਗਾਵਤ ਕਰ ਦਿੰਦੇ ਹਨ। ਜੇਕਰ ਸਮਾਜਿਕ ਹਾਲਤਾਂ ਨੂੰ ਸੁਧਾਰਿਆ ਜਾਵੇ ਤਾਂ ਬਗਾਵਤ ਕਰਨ ਵਾਲੇ ਨੌਜਵਾਨ ਵੀ ਬੰਦੂਕਾਂ ਛੱਡ ਸਕਦੇ ਹਨ।

? ਨੌਜਵਾਨਾਂ ਨਾਲ ਮੁਲਾਕਾਤ ਦਾ ਕੋਈ ਹੋਰ ਅਨੁਭਵ ?

੦ ਮੈਨੂੰ ਉਹ ਨੌਜਵਾਨ ਆਪਣੇ ਬੱਚਿਆਂ ਵਰਗੇ ਜਾਪੇ ਹਨ। (ਜਜ਼ਬਾਤੀ ਹੋ ਕੇ) ਉਹ ਮੈਨੂੰ ਬਹੁਤ ਹੀ ਅਦਬ ਸਤਿਕਾਰ ਨਾਲ ਮਿਲੇ ਤੇ ਉਨ੍ਹਾਂ ਨੇ ਆਪਣੇ ਦਿਲ ਦੀਆਂ ਗੱਲਾਂ ਕੀਤੀਆਂ। ਉਹਨਾਂ ਨੇ ਦਸਿਆ ਕਿ ਕਿਸ



www.AKJ.Org

ਤਰ੍ਹਾਂ ਉਹਨਾਂ ਨੂੰ ਆਪਣੇ ਭੈਣ-ਭਰਾ, ਮਾਂ-ਬਾਪ ਤੇ ਹੋਰ ਸਨਬੰਧੀ ਛੱਡ ਕੇ ਗੁਪਤਵਾਸ ਰਹਿਣਾ ਪੈਂਦਾ ਹੈ। ਉਹਨਾਂ ਨੇ ਇਹ ਵੀ ਜ਼ਿਕਰ ਕੀਤਾ ਕਿ ਕਿਸ ਤਰ੍ਹਾਂ ਪੁਲਸ ਉਹਨਾਂ ਤੇ ਅੱਤਿਆਚਾਰ ਕਰਦੀ ਹੈ।

? ਦੱਤ ਸਾਹਿਬ ! ਜਦੋਂ ਰਾਜ ਵਿਚ ਹਿੰਸਕ ਵਾਰਦਾਤਾਂ ਹੁੰਦੀਆਂ ਹਨ ਤਾਂ ਸਰਕਾਰ ਨੂੰ ਅਮਨ-ਕਾਨੂੰਨ ਕਾਇਮ ਰੱਖਣ ਲਈ ਕਾਰਵਾਈ ਕਰਨੀ ਪੈਂਦੀ ਹੈ । ਇਹੀ ਕਾਰਵਾਈ ਅੱਤਿਆਚਾਰ ਦਾ ਰੂਪ ਲੈ ਲੈਂਦੀ ਹੈ। ਪਰ ਜੇਕਰ ਪੁਲਸ ਕਾਰਵਾਈ ਨਹੀਂ ਕਰਦੀ ਤਾਂ ਲੋਕ ਕਹਿੰਦੇ ਹਨ ਕਿ ਸਰਕਾਰ ਕੁਝ ਨਹੀਂ ਕਰ ਰਹੀ। ਸਰਕਾਰ ਨਾਂ ਦੀ ਕੋਈ ਚੀਜ਼ ਹੀ ਨਹੀਂ ਹੈ ?

੦ ਕਾਰਵਾਈ ਕਰਨ ਦੀ ਨੌਬਤ ਹੀ ਕਿਉਂ ਆਉਣ ਦਿੱਤੀ ਜਾਂਦੀ ਹੈ ? ਮਸਲੇ ਨੂੰ ਇੰਨਾ ਕਿਉਂ ਲਮਕਣ ਦਿੱਤਾ ਜਾਂਦਾ ਹੈ ਕਿ ਗੱਲ ਇਥੋਂ ਤਕ ਵੱਧ ਜਾਏ ? ਉਂਝ ਵੀ ਅਸੀਂ ਕਾਰਵਾਈ ਕਰ ਕਿਨ੍ਹਾਂ ਦੇ ਵਿਰੁੱਧ ਰਹੇ ਹਾਂ ? ਜੇਕਰ ਮੇਰਾ ਬੱਚਾ ਵਿਗੜ ਜਾਏ ਤਾਂ ਕੀ ਮੈਂ ਉਸ ਨੂੰ ਮਾਰ ਦਿਆਂਗਾ ? ਕੀ ਮੇਰਾ ਤੇ ਮੇਰੇ ਹੋਰ ਪਰਿਵਾਰ ਦਾ ਇਹ ਯਤਨ ਨਹੀਂ ਹੋਵੇਗਾ ਕਿ ਉਸ ਨੂੰ ਸੁਧਾਰਿਆ ਜਾਵੇ, ਪਿਆਰ ਨਾਲ ਸਮਝਾਇਆ ਜਾਵੇ ?

? ਸਿੱਖ ਮਾਨਸਿਕਤਾ ਵਿਚ ਦੋ ਗੱਲਾਂ ਬਹੁਤ ਬੁਰੀ ਤਰ੍ਹਾਂ ਰੜਕ ਰਹੀਆਂ ਹਨ। ਇਕ ਹਰਿਮੰਦਰ ਸਾਹਿਬ ਵਿਚ ਫੌਜੀ ਕਾਰਵਾਈ ਅਤੇ ਦੂਜਾ ਦਿੱਲੀ ਦੰਗਿਆਂ ਪਿੱਛੋਂ ਪਾਰਲੀਮੈਂਟ ਵਲੋਂ ਭੁਪਾਲ ਦੇ ਗੈਸ-ਪੀੜਤਾਂ ਨੂੰ ਤਾਂ ਸ਼ਰਧਾਂਜਲੀ ਭੇਟ ਕਰ ਦਿੱਤੀ ਗਈ, ਪਰ ਦੰਗਿਆਂ ਵਿਚ ਮਾਰੇ ਗਏ ਲੋਕਾਂ ਲਈ ਹਾਅ ਦਾ ਨਾਅਰਾ ਤਕ ਨਾ ਮਾਰਿਆ ਗਿਆ ।

੦ ਮੈਂ ਖ਼ੁਦ ਤਾਂ ਉਸ ਸਮੇਂ ਲੋਕ ਸਭਾ ਵਿਚ ਹਾਜ਼ਰ ਨਹੀਂ ਸਾਂ, ਪਰ ਮੈਂ ਇਹ ਗੱਲ ਪਹਿਲਾਂ ਹੀ ਕਹਿ ਚੁੱਕਾ ਹਾਂ, ਗਲਤੀਆਂ ਹੋਈਆਂ ਹਨ । ਸਿੰਘ ਸਾਹਿਬਾਨ ਪ੍ਰੋ: ਦਰਸ਼ਨ ਸਿੰਘ ਅਤੇ ਨੌਜਵਾਨਾਂ ਨੇ ਮੇਰੇ ਨਾਲ ਇਹ ਗੱਲਾਂ ਕੀਤੀਆਂ ਹਨ । ਕੇਂਦਰ ਸਰਕਾਰ ਨੂੰ ਆਪਣੇ ਵਲੋਂ ਪੇਸ਼ ਕੀਤੀ ਜਾਣ ਵਾਲੀ ਰਿਪੋਰਟ ਵਿਚ ਇਨ੍ਹਾਂ ਦਾ ਜ਼ਿਕਰ ਕਰਾਂਗਾ ।

? ਕੀ ਜੋਧਪੁਰ ਦੇ ਨਜ਼ਰਬੰਦਾਂ ਨੂੰ ਰਿਹਾਅ ਨਹੀਂ ਕੀਤਾ ਜਾਣਾ ਚਾਹੀਦਾ ?

੦ (ਮੁਸਕਰਾਉਂਦਿਆਂ) ਮੇਰਾ ਇਮਤਿਹਾਨ ਲੈਣ ਦਾ ਯਤਨ ਨਾ ਕਰੋ । ਜਿਹੜੀਆਂ ਗੱਲਾਂ ਦਾ ਜ਼ਿਕਰ ਮੈਂ ਆਪਣੀ ਰਿਪੋਰਟ ਵਿਚ ਕਰਨਾ ਹੈ ਉਹ ਪਹਿਲਾਂ ਹੀ ਮੈਂ ਤੁਹਾਨੂੰ ਨਹੀਂ ਦੱਸਾਂਗਾ।

? ਤੁਹਾਡੇ ਵਿਚਾਰ ਅਨੁਸਾਰ ਪੰਜਾਬ ਸਮੱਸਿਆ ਦੀ ਜੜ੍ਹ ਕੀ ਹੈ ?

੦ ਇਸ ਬਾਰੇ ਠੋਸ ਰੂਪ ਵਿਚ ਤਾਂ ਮੈਂ ਕੁਝ ਨਹੀਂ ਕਹਿ ਸਕਦਾ, ਕਿਉਂਕਿ ਇਹ ਇਕ ਬਹੁਪੱਖੀ ਸਮੱਸਿਆ ਹੈ। ਦਰਿਆਈ ਪਾਣੀਆਂ, ਇਲਾਕਿਆਂ ਤੇ ਹਿੰਦੂ ਵੀਰਾਂ ਵਲੋਂ ਪੰਜਾਬੀ ਭਾਸ਼ਾ ਨੂੰ ਨਾ ਅਪਨਾਉਣ ਆਦਿ ਦੇ ਮਸਲੇ ਹਨ। ਪਰ ਮੈਨੂੰ ਇਹ ਜਾਪਿਆ ਹੈ ਕਿ ਵਧੇਰੇ ਕਰਕੇ ਹੁਣ ਇਹ ਅਵਿਸ਼ਵਾਸ ਦਾ ਮਸਲਾ ਬਣ ਗਿਆ ਹੈ। ਪੰਜਾਬ ਦੇ ਹਿੰਦੂ ਸਿੱਖਾਂ ਨੂੰ ਸ਼ੱਕ ਨਾਲ ਦੇਖਦੇ ਹਨ ਤੇ ਸਿੱਖ ਹਿੰਦੂਆਂ ਨੂੰ ਸ਼ੱਕ ਨਾਲ ਦੇਖਦੇ ਹਨ। ਇਸ ਤੋਂ ਇਲਾਵਾ ਸਿੱਖਾਂ ਵਿਚ ਕੇਂਦਰ ਸਰਕਾਰ ਪ੍ਰਤੀ ਵਿਸ਼ਵਾਸ ਘਟਿਆ ਹੈ । ਉਹਨਾਂ ਦਾ ਵਿਸ਼ਵਾਸ ਬਹਾਲ ਕਰਨ ਨਾਲ ਮਸਲੇ ਨੂੰ ਹੱਲ ਕਰਨ ਵਿਚ ਸਹਾਇਤਾ ਮਿਲੇਗੀ।

? ਦੱਤ ਸਾਹਿਬ, ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੇ ਸੰਤ ਹਰਚੰਦ ਸਿੰਘ ਲੋਂਗੋਵਾਲ ਦਰਮਿਆਨ ਪੰਜਾਬ ਸਮਝੌਤਾ ਹੋਇਆ ਸੀ। ਪੰਜਾਬ ਦੇ ਲੋਕਾਂ ਨੂੰ ਆਸ ਸੀ ਕਿ ਸਰਕਾਰ ਇਸ ਤੇ ਅਮਲ ਕਰੇਗੀ। ਪਰ ਕੇਂਦਰੀ ਸਰਕਾਰ ਨੇ ਇਸ ਤੇ ਅਮਲ ਨਾ ਕਰਕੇ ਕੀ ਸਥਿਤੀ ਨੂੰ ਵਿਗੜਨ ਲਈ ਹੋਰ ਮੌਕਾ ਨਹੀਂ ਦਿੱਤਾ ?

੦ ਮੈਂ ਤੁਹਾਡੇ ਕੋਲੋਂ ਕੁਝ ਜਾਨਣ ਆਇਆ ਹਾਂ ਤੇ ਤੁਸੀਂ ਮੇਰੇ ਕੋਲੋਂ ਜਾਨਣ ਦਾ ਯਤਨ ਕਰ ਰਹੇ ਹੋ ।

? ਤੁਸੀਂ ਕੇਂਦਰ ਨੂੰ ਜਿਹੜੀ ਰਿਪੋਰਟ ਪੇਸ਼ ਕਰਨ ਦੀ ਗੱਲ ਆਖੀ ਹੈ, ਕੀ ਤੁਹਾਨੂੰ ਆਸ ਹੈ ਕਿ ਸਰਕਾਰ ਤੁਹਾਡੀ ਰਿਪੋਰਟ ਤੇ ਅਮਲ ਕਰੇਗੀ ? ਤੁਹਾਡੀ ਰਿਪੋਰਟ ਗੁਪਤ ਹੋਵੇਗੀ ਜਾਂ ਖੁਲ੍ਹੀ ?

੦ ਕੇਂਦਰੀ ਸਰਕਾਰ ਨੂੰ ਰਿਪੋਰਟ ਵਿਚ ਸਪੱਸ਼ਟ ਆਖਾਂਗਾ ਕਿ ਇਹਨਾਂ ਯਤਨਾਂ ਨਾਲ ਸਥਿਤੀ ਸੁਧਰ ਸਕਦੀ



www.AKJ.Org

ਹੈ। ਜੇਕਰ ਸਰਕਾਰ ਸਥਿਤੀ ਸੁਧਾਰਨ ਦੀ ਇੱਛਕ ਹੋਵੇਗੀ ਤਾਂ ਜ਼ਰੂਰ ਅਮਲ ਕਰੇਗੀ। ਮੈਂ ਆਪਣੀ ਰਿਪੋਰਟ ਖੁਲ੍ਹੀ ਦਿਆਂਗਾ, ਤਾਂ ਜੁ ਪੰਜਾਬ ਤੇ ਦੇਸ਼ ਦੇ ਲੋਕਾਂ ਨੂੰ ਪਤਾ ਲੱਗ ਸਕੇ, ਆਪਣੀ ਮਹਾਂ ਯਾਤਰਾ ਦੌਰਾਨ ਮੈਂ ਕੀ ਮਹਿਸੂਸ ਕੀਤਾ ਹੈ? ਮੇਰੇ ਇਸ ਸਮੱਸਿਆ ਸੰਬੰਧੀ ਵਿਚਾਰ ਕੀ ਹਨ ? ਇਸ ਨਾਲ ਪੰਜਾਬੀਆਂ ਨੂੰ ਇਹ ਵੀ ਪਤਾ ਲੱਗ ਸਕੇਗਾ ਕਿ ਮੈਂ ਉਨ੍ਹਾਂ ਦੀ ਆਵਾਜ਼ ਅੱਗੇ ਪਹੁੰਚਾਈ ਹੈ।

? ਜੇ ਕੇਂਦਰ ਸਰਕਾਰ ਵਲੋਂ ਤੁਹਾਨੂੰ ਚੰਗਾ ਹੁੰਗਾਰਾ ਮਿਲਿਆ ਤਾਂ ਤੁਸੀਂ ਗੱਲਬਾਤ ਅੱਗੇ ਵਧਾਉਣ ਲਈ ਸਾਲਸੀ ਕਰੋਗੇ ?

੦ ਜੇਕਰ ਦੋਵੇਂ ਧਿਰਾਂ ਮੇਰੇ ਤੇ ਵਿਸ਼ਵਾਸ ਪ੍ਰਗਟ ਕਰਨਗੀਆਂ ਤਾਂ ਮੈਂ ਅਜਿਹਾ ਕਰਾਂਗਾ। ਮੈਨੂੰ ਅਜੇ ਵੀ ਆਸ ਹੈ ਕਿ ਜੇ ਸੰਜੀਦਾ ਯਤਨ ਕੀਤੇ ਜਾਣ ਤਾਂ ਮਸਲਾ ਹੱਲ ਹੋ ਸਕਦਾ ਹੈ।

? ਸਿੰਘ ਸਾਹਿਬਾਨ ਤੇ ਨੌਜਵਾਨਾਂ ਨਾਲ ਗੱਲਬਾਤ ਪਿੱਛੋਂ ਪ੍ਰਧਾਨ ਮੰਤਰੀ ਨਾਲ ਕੋਈ ਗੱਲਬਾਤ ਅੱਗੇ ਵੱਧੀ ਹੈ।

੦ ਨਹੀਂ, ਅਜੇ ਗੱਲਬਾਤ ਬਹੁਤੀ ਅੱਗੇ ਨਹੀਂ ਵਧੀ।

? ਇਕ ਆਖਰੀ ਸੁਆਲ—ਹੁਣ ਤੁਸੀਂ ਸਾਰਾ ਸਮਾਂ ਰਾਜਨੀਤੀ ਨੂੰ ਦਿਉਗੇ ਜਾਂ ਫਿਲਮਾਂ ਵਿਚ ਵੀ ਕੰਮ ਕਰੋਗੇ ?

੦ ਫਿਲਮਾਂ ਛੱਡ ਕੇ ਭੁਖੇ ਮਰਨਾ ! ਇਕ ਸੰਸਦ ਮੈਂਬਰ ਨੂੰ ੨੦੦੦ ਰੁਪਏ ਮਿਲਦੇ ਹਨ। ਇੰਨੇ ਪੈਸਿਆਂ ਨਾਲ ਤਾਂ ਆਪਣੇ ਹਲਕੇ ਤੋਂ ਆਏ ਲੋਕਾਂ ਨੂੰ ਚਾਹ ਨਹੀਂ ਪਿਆ ਹੁੰਦੀ, ਜਾਂ ਫਿਰ ਅਸੀਂ ਕੁਰੱਪਸ਼ਨ ਸ਼ੁਰੂ ਕਰੀਏ ਤਾਂ ਸਰ ਸਕਦਾ ਹੈ। ਕੁਰੱਪਟ ਹੋਣਾ ਹੁਣ ਸਾਡੇ ਲਈ ਬਹੁਤ ਮੁਸ਼ਕਿਲ ਹੈ। ਇਸ ਲਈ ਫ਼ਿਲਮਾਂ ਹੀ ਬਣਾਵਾਂਗਾ।

—ਅਜੀਤ, ੧੮-੪-੮੭

## ਮੁੜ ਕੇ, ਫਿਰ ਅਜ਼ਮਾਇਆ ਹੈ

ਸ: ਤੇਗ ਬਹਾਦਰ ਸਿੰਘ 'ਤੇਗ'

ਸਾਡੇ ਪੁਰਖਿਆਂ ਨੇ, ਸਾਨੂੰ ਤਾਂ ਇਹੋ ਕੁਝ ਸਮਝਾਇਆ ਹੈ,
ਗਊ, ਸੂਰ, ਤੁਸੀਂ ਜਾਣੋ ਉਹਨੂੰ, ਜਿਹੜਾ ਹੱਕ ਪ੍ਰਾਇਆ ਹੈ।
ਇਹ ਦੁਨੀਆ ਤਾਂ ਕਹਿੰਦੇ ਯਾਰੋ, ਅਕਾਲ ਪੁਰਖ ਦੀ ਛਾਇਆ ਹੈ,
ਬੰਦਾ ਜਾਣੇ, ਇਹ ਦੁਨੀਆ ਤਾਂ, ਮੇਰੀ ਆਪਣੀ ਮਾਇਆ ਹੈ।
ਪਰਬਤ ਵਰਗਾ ਜਿਗਰਾ ਹੈ, ਜਿਸ ਬੰਦੇ ਦਾ,
ਦੀਨ ਦੁਨੀ ਦੇ ਦੁਖਾਂ ਤੋਂ ਉਹ ਦਸੋ, ਕਦ ਘਬਰਾਇਆ ਹੈ।
ਸ਼ੀਸ਼ੇ ਦੇ ਮਹਿਲਾਂ ਦੇ ਅੰਦਰ, ਜਿਹੜਾ ਬੰਦਾ ਰਹਿੰਦਾ ਹੈ,
ਦੂਜਿਆਂ ਉੱਤੇ ਪੱਥਰ ਉਹਨੇ ਦੱਸੋ ਕਦੋਂ ਵਗਾਇਆ ਹੈ।
ਗ਼ਮ ਖਾਂਦੇ ਹੀ ਰਹਿੰਦੇ ਹਾਂ, ਆਦੀ ਹਾਂ ਮੁੱਢ ਕਦੀਮਾਂ ਤੋਂ।
ਇਸੇ ਲਈ, ਸਮੇਂ ਨੇ ਸਾਨੂੰ ਮੁੜ ਕੇ, ਫਿਰ ਅਜ਼ਮਾਇਆ ਹੈ।


## ਸਿੱਖ : ਇਕ ਵੱਖਰੀ ਕੌਮ

ਸਿੱਖਾਂ ਦਾ ਧਾਰਮਿਕ, ਸਮਾਜਿਕ, ਸਭਿਆਚਾਰਕ, ਇਤਿਹਾਸਕ ਤੇ ਰਾਜਨੀਤਕ ਵਿਰਸਾ 'ਸਿੱਖ ਕੌਮ' ਦੀ ਅਟੱਲ ਸੱਚਾਈ ਨੂੰ ਪਰਮਾਣਿਤ ਕਰਦਾ ਹੈ। 'ਕੌਮ' ਦੀਆਂ ਪਰਮਾਣਿਤ ਪਰਿਭਾਸ਼ਾਵਾਂ ਦੀ ਕਸੌਟੀ ਅਨੁਸਾਰ ਵੀ ਸਿੱਖ 'ਕੌਮ' ਪਦ ਦੇ ਅਧਿਕਾਰੀ ਹਨ। ਇਸ ਪੁਸਤਕ ਵਿਚ ਦੋ ਨਵੇਂ ਲੇਖਾਂ ਸਹਿਤ ੧੩ ਵਿਦਵਾਨਾਂ ਦੇ ਲੇਖ ਹਨ, ਜੋ ਸਿੱਖ ਕੌਮ ਦੀ ਵਿਲੱਖਣ ਹੋਂਦ ਦੇ ਸੱਚ ਨੂੰ ਵੱਖ ਵਖ ਪੱਖਾਂ ਤੋਂ ਦ੍ਰਿੜ੍ਹਾਉਂਦੇ ਹਨ।

ਪੰਨੇ ੨੬੪, ਭੇਟਾ ਛੇ ਰੁਪਏ


www.AKJ.Org

# ਹਰ ਕੀ ਪੌੜੀ ਤੋਂ ਹਰਿਮੰਦਰ ਸਾਹਿਬ ਤਕ

[ ਸ: ਮਨਜੀਤ ਸਿੰਘ ਜੀ, ਅੰਮ੍ਰਿਤਸਰ ]

## [ਕੁਝ ਧਾਰਮਿਕ ਮੁਖੀਆਂ ਦੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਵਿਚਾਰ]

[ਲੜੀ ਜੋੜਨ ਲਈ ਵੇਖੋ 'ਸੂਰਾ' ਮਾਸਕ ਪੱਤਰ ਅਪ੍ਰੈਲ ੧੯੮੭]

**ਪ੍ਰੋ: ਦਰਸ਼ਨ ਸਿੰਘ**–ਬਿਲਕੁਲ ਠੀਕ ਹੈ ਕਿ ਸਾਨੂੰ ਸਭ ਤੋਂ ਪਹਿਲਾਂ ਇਕੱਠੇ ਹੋ ਕੇ ਉਹਨਾਂ ਲੋਕਾਂ ਵਿਰੁੱਧ ਆਵਾਜ਼ ਚੁੱਕਣੀ ਚਾਹੀਦੀ ਹੈ ਜਿਨ੍ਹਾਂ ਲੋਕਾਂ ਨੇ ਇਹ ਭਾਂਬੜ ਬਾਲੇ ਹਨ। ਤਾਂ ਹੀ ਗੱਲ ਅੱਗੇ ਤੁਰ ਸਕਦੀ ਹੈ।

**ਸ੍ਰੀ ਸਾਧਵਾਚਾਰੀਆ**–(ਕਰਨਾਟਕ ਦੇ 'ਪਿੰਜਾਵਰ' ਮਠਾਧੀਸ਼)–ਪਹਿਲਾ ਕਹੀਆਂ ਗਈਆਂ ਸਾਰੀਆਂ ਗੱਲਾਂ ਠੀਕ ਹਨ ਕਿ ਸਰਕਾਰ ਵਲੋਂ ਵੀ ਬੇ-ਇਨਸਾਫ਼ੀਆਂ ਹੋ ਰਹੀਆਂ ਹਨ ਅਤੇ ਆਤੰਕਵਾਦੀਆਂ ਵਲੋਂ ਵੀ। ਦੋਹੀਂ ਪਾਸੀਂ ਹੀ ਬੇ-ਕਸੂਰ ਲੋਕ ਮਾਰ ਜਾ ਰਹੇ ਹਨ। ਫਿਰ ਉਹੀ ਸਵਾਲ ਉਠਦਾ ਹੈ ਇਸ ਅਸ਼ਾਂਤ ਮਾਹੌਲ ਦੇ ਨਿਵਾਰਣ ਦਾ ਕੰਮ ਆਤੰਕਵਾਦੀ ਕਰਨ ਜਾਂ ਸਰਕਾਰ ? ਇਸ ਦੀ ਸਮਾਪਤੀ ਕਿਸ ਤਰ੍ਹਾਂ ਹੋਵੇਗੀ ?

**ਪ੍ਰੋ: ਦਰਸ਼ਨ ਸਿੰਘ**–ਇਨ੍ਹਾਂ ਦੋਹਾਂ ਵਿਚੋਂ ਜਿਹੜਾ ਵੱਡਾ ਅਤੇ ਜ਼ਿੰਮੇਵਾਰ ਹੈ ਉਹੀ ਇਸ ਦੀ ਸਮਾਪਤੀ ਕਰ ਸਕਦਾ ਹੈ। ਮੈਂ ਪੁੱਛਦਾ ਹਾਂ ਕਿ ਇਸ ਦੇਸ਼ ਦਾ ਜ਼ਿੰਮੇਵਾਰ ਕੌਣ ਹੈ ?

**ਸਾਰੇ ਸਵਾਮੀ**–ਕੇਂਦਰ ਸਰਕਾਰ ਹੈ।

**ਪ੍ਰੋ: ਦਰਸ਼ਨ ਸਿੰਘ**–ਤਾਂ ਇਸ ਲਈ ਕਦਮ ਪਹਿਲਾਂ ਸਰਕਾਰ ਨੂੰ ਹੀ ਚੁੱਕਣਾ ਹੋਵੇਗਾ, ਜਿਹੜੀ ਇਹਨਾਂ ਨੌਜਵਾਨਾਂ ਨੂੰ ਖੌਲਦਾ ਪਾਣੀ ਆਖ ਕੇ ਭੰਡਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਕ ਪਿਤਾ ਵਾਂਗ ਇਹਨਾਂ ਨੌਜਵਾਨਾਂ ਨੂੰ ਆਪਣੇ ਬੱਚੇ ਸਮਝ ਕੇ ਇਹ ਆਖੇ ਕਿ ਆਓ ਬੇਟਾ, ਸਾਡੇ ਨਾਲ ਗੱਲ ਕਰੋ ਅਤੇ ਦਸੋ ਕਿ ਤੁਹਾਨੂੰ ਕੀ ਪ੍ਰੇਸ਼ਾਨੀ ਹੈ ? ਮੁਸ਼ਕਿਲ ਤਾਂ ਇਹ ਹੈ ਕਿ ਜਦੋਂ ਇਹ ਕਿਹਾ ਜਾਂਦਾ ਹੈ ਕਿ ਸਰਕਾਰ ਇਹਨਾਂ ਨੌਜਵਾਨਾਂ ਨਾਲ ਗੱਲ ਕਰੇ ਤਾਂ ਇਹ ਰਾਜਨੀਤਕ ਲੋਕ ਆਖਦੇ ਹਨ ਕਿ 'ਆਤੰਕਵਾਦੀਆਂ' ਨਾਲ ਗੱਲ ਨਹੀਂ ਕਰਨੀ ਚਾਹੀਦੀ। ਮੈਂ ਚਾਹੁੰਦਾ ਹਾਂ ਕਿ ਆਤੰਕਵਾਦੀ ਸ਼ਬਦ ਬੱਚਿਆਂ ਲਈ ਕਿਹਾ ਹੀ ਨਹੀਂ ਜਾਣਾ ਚਾਹੀਦਾ। ਕਿਉਂਕਿ ਇਹ ਸ਼ਬਦ ਚਿੜਾਉਣ ਵਾਲਾ ਅਤੇ ਗੁੱਸਾ ਪੈਦਾ ਕਰਨ ਵਾਲਾ ਹੈ।

**ਸਵਾਮੀ ਮਿੱਤਰਾ ਨੰਦ**–ਤੁਸੀਂ ਠੀਕ ਆਖਿਆ ਹੈ ਕਿ ਇਸ ਸ਼ਬਦ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ, ਕਿਉਂਕਿ ਇਸ ਨਾਲ ਨੌਜਵਾਨਾਂ ਨੂੰ ਪੀੜਾ ਹੁੰਦੀ ਹੈ।

**ਪ੍ਰੋ: ਦਰਸ਼ਨ ਸਿੰਘ**–ਜਦੋਂ ਕਿਸੇ ਨੂੰ ਐਵੇਂ ਹੀ ਵਾਰ ਵਾਰ ਚੋਰ ਆਖਿਆ ਜਾਵੇ ਤਾਂ ਸਮਾਜ ਵਿਚ ਤਾਂ ਉਹ ਚੋਰ ਨਾ ਹੁੰਦਿਆਂ ਹੋਇਆਂ ਵੀ ਚੋਰ ਹੀ ਸਮਝਿਆ ਜਾਵੇਗਾ। ਇਸ ਨਾਲ ਨਿਰਦੋਸ਼ਾਂ ਦਾ ਗੁੱਸਾ ਨਹੀਂ ਵਧੇਗਾ ਤਾਂ ਹੋਰ ਕੀ ਹੋਏਗਾ ?

**ਸਵਾਮੀ ਵਾਮਦੇਵ**–(ਸਾਰਿਆਂ ਸੰਤਾਂ ਨੂੰ ਸੰਬੋਧਨ ਕਰਦੇ ਹੋਏ) ਮੈਂ ਇਕ ਸਵਾਲ ਕਰਾਂਗਾ, ਜੇ ਤੁਸੀਂ ਸਾਰੇ ਉਸ ਨੂੰ ਠੀਕ ਸਮਝੋ ਤਾਂ ਪ੍ਰੋ: ਸਾਹਿਬ ਇਸ ਦਾ ਜਵਾਬ ਦੇਣ, ਜੇ ਤੁਸੀਂ ਠੀਕ ਨਹੀਂ ਸਮਝਦੇ ਤਾਂ ਮੈਂ ਇਹ ਸਵਾਲ ਵਾਪਸ ਲੈ ਲਵਾਂਗਾ। ਪ੍ਰੋਫ਼ੈਸਰ ਸਾਹਿਬ ਮੇਰਾ ਸਵਾਲ ਹੈ ਕਿ ਜਿਸ ਤਰ੍ਹਾਂ ਤੁਸੀਂ ਦੱਸਿਆ ਹੈ ਇਹਨਾਂ ਹਾਲਾਤ ਦੇ ਪਿੱਛੇ ਕੁਝ ਕਾਰਨ ਹਨ। ਕੀ ਤੁਸੀਂ ਇਹ ਦੱਸਣਾ ਚਾਹੋਗੇ ਕਿ ਉਹ ਕਾਰਨ ਕੀ ਹਨ, ਤਾਂਕਿ ਉਹਨਾਂ ਦੀ ਨਵਿਰਤੀ ਕਰਾਈ ਜਾ ਸਕੇ ?

**ਪ੍ਰੋ: ਦਰਸ਼ਨ ਸਿੰਘ**–ਇਹ ਕਾਰਨ ਤਾਂ ਇਹ ਰਾਜਨੀਤਕ ਲੋਕ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ ਜਿਨ੍ਹਾਂ ਨੇ ਇਹ ਬੀਜ ਬੀਜੇ ਹਨ। ਜਦੋਂ ਇਹ ਸਾਫ਼ ਦਿਲ ਨਾਲ ਇਨ੍ਹਾਂ ਕਾਰਨਾਂ ਦੀ ਜੜ੍ਹ ਪੁੱਟਣਾ ਚਾਹੁੰਣਗੇ ਅਤੇ ਜਦੋਂ ਇਹ ਇਕੱਠੇ ਹੋ ਕੇ ਬੈਠਣਗੇ ਤਾਂ ਕਾਰਨ ਉਸੇ ਵੇਲੇ ਖ਼ਤਮ ਹੋ ਜਾਣਗੇ। ਐਸੀ ਗੱਲ ਨਹੀਂ ਹੈ ਕਿ ਉਹ ਲੋਕ ਕਾਰਨ



www.AKJ.Org

ਜਾਣਦੇ ਨਹੀਂ ਹਨ। ਉਹ ਤਾਂ ਸਾਡੇ ਤੋਂ ਜ਼ਿਆਦਾ ਜਾਣਦੇ ਹਨ। ਰਾਜਨੀਤਕ ਲੋਕ ਜਾਣ ਬੁੱਝ ਕੇ ਛੁਪਾ ਰਹੇ ਹਨ ਆਪਣੇ ਆਪ ਨੂੰ ਅਤੇ ਇਨ੍ਹਾਂ ਕਾਰਨਾਂ ਨੂੰ।

**ਸਵਾਮੀ ਵਾਮਦੇਵ**–ਪ੍ਰੋ: ਸਾਹਿਬ ਇਨ੍ਹਾਂ ਕਾਰਨਾਂ ਵਿਚੋਂ ਤੁਸੀਂ ਵੀ ਕੁਝ ਜਾਣਦੇ ਹੋਵੋਗੇ ? ਕੁਝ ਸਾਨੂੰ ਵੀ ਦੱਸਣ ਦੀ ਕ੍ਰਿਪਾਲਤਾ ਕਰੋ, ਜੇ ਤੁਹਾਨੂੰ ਪ੍ਰੇਸ਼ਾਨੀ ਨਾ ਹੋਵੇ ਤੇ ਸਾਨੂੰ ਵੀ ਕੁਝ ਪਤਾ ਲੱਗ ਸਕੇ ?

**ਪ੍ਰੋ: ਦਰਸ਼ਨ ਸਿੰਘ**–ਮੈਂ ਤਾਂ ਏਨਾ ਹੀ ਜਾਣਦਾ ਹਾਂ ਕਿ ਜਦੋਂ ਤੋਂ ਰਾਜਨੀਤਕ ਲੋਕਾਂ ਨੇ ਆਪਣੀਆਂ ਕੁਰਸੀਆਂ ਕਾਇਮ ਰੱਖਣ ਲਈ ਪਾੜੇ ਪਾਏ ਹਨ, ਉਦੋਂ ਤੋਂ ਹੀ ਇਹ ਹਾਲਤ ਹੋਣੀ ਸ਼ੁਰੂ ਹੋਈ ਹੈ। ਪੰਜਾਬ ਵਿਚ ਇਹ ਫਿਰਕੂ ਅੱਗ ਭੜਕਾਉਣ ਦਾ ਕਾਰਨ ਸਰਕਾਰ ਜਾਂ ਕਾਂਗਰਸ ਹੈ। ਜਦੋਂ ਇਹ ਸਿਆਸੀ ਲੋਕ ਇਹ ਕਹਿੰਦੇ ਹਨ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਧਰਮ ਨੂੰ ਵੱਖ ਕੀਤਾ ਜਾਣਾ ਚਾਹੀਦਾ ਹੈ, ਇਹ ਕਹਿੰਦੇ ਹੋਏ ਤਾਂ ਉਹ ਧਰਮ ਨੂੰ ਉਂਜ ਹੀ ਕੋਈ ਮਹੱਤਵ ਨਹੀਂ ਦਿੰਦੇ, ਪਰ ਦੇਸ਼ ਦਾ ਵੀ ਉਹਨਾਂ ਲਈ ਕੋਈ ਮਹੱਤਵ ਨਹੀਂ ਹੁੰਦਾ। ਉਹ ਚਾਹੁੰਦੇ ਹਨ ਕਿ ਦੇਸ਼ ਦੀ ਬਜਾਏ ਸਾਡੀ ਸਿਆਸੀ ਪਾਰਟੀ ਵਧੇਰੇ ਮਜ਼ਬੂਤ ਹੋਣੀ ਚਾਹੀਦੀ ਹੈ। ਉਨ੍ਹਾਂ ਲਈ ਦੇਸ਼ ਨਾਲੋਂ ਵੀ ਜ਼ਿਆਦਾ ਆਪਣੀ ਸਿਆਸੀ ਪਾਰਟੀ ਮਹੱਤਵ ਰੱਖਦੀ ਹੈ। ਇਥੇ ਉਨ੍ਹਾਂ ਲਈ ਧਰਮ ਜਾਂ ਦੇਸ਼ ਦੀ ਕੋਈ ਗੱਲ ਨਹੀਂ। ਉਹ ਦੇਸ਼ ਲਈ ਵੀ ਵਫ਼ਾਦਾਰ ਨਹੀਂ ਹਨ। ਧਰਮ ਦੇ ਵਿਰੋਧੀ ਤਾਂ ਹਨ ਹੀ। ਦੇਸ਼ ਦਾ ਨਾਂ ਤਾਂ ਉਹ ਆਪਣੀ ਪਾਰਟੀ ਦੀ ਮਜ਼ਬੂਤੀ ਲਈ ਹੀ ਵਰਤਦੇ ਹਨ। ਸਿਆਸੀ ਪਾਰਟੀਆਂ ਚਾਹੁੰਦੀਆਂ ਹਨ ਕਿ ਦੇਸ਼ ਦੇ ਹਰ ਹਿੱਸੇ ਵਿਚ ਉਹਨਾਂ ਦੀ ਪਾਰਟੀ ਦਾ ਹੀ ਰਾਜ ਹੋਵੇ।

ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਇਹ ਸਿਆਸੀ ਪਾਰਟੀਆਂ ਸਮਝਦੀਆਂ ਹਨ ਕਿ ਉੱਥੇ ਜਿਹੜੀ ਸਭ ਤੋਂ ਤਕੜੀ ਵਿਰੋਧੀ ਪਾਰਟੀ ਹੈ, ਉਸ ਨੂੰ ਕਿਵੇਂ ਕਮਜ਼ੋਰ ਕੀਤਾ ਜਾਏ। ਇਹਨਾਂ ਪਾਰਟੀਆਂ ਨੂੰ ਕਮਜ਼ੋਰ ਕਰਨ ਲਈ ਹੀ ਉਹ ਅਜਿਹੀ ਅੱਗ ਬਾਲਦੇ ਹਨ, ਜਿਸ ਵਿਚ ਸੜਨ ਲਈ ਜਨਤਾ ਨੂੰ ਮਜਬੂਰ ਹੋਣਾ ਪੈਂਦਾ ਹੈ।

ਪੰਜਾਬ ਵਿਚ ਕਾਂਗਰਸ ਨੂੰ ਇਹ ਨਜ਼ਰ ਆਉਂਦਾ ਸੀ ਕਿ ਇਥੇ ਅਕਾਲੀ ਦਲ ਹੀ ਉਸ ਦੀ ਮਜ਼ਬੂਤ ਵਿਰੋਧੀ ਪਾਰਟੀ ਹੈ, ਜਿਸ ਨਾਲ ਹਮੇਸ਼ਾ ਹੀ ਉਸ ਦਾ ਚੋਣਾਂ ਵਿਚ ਮੁਖ ਟਾਕਰਾ ਹੁੰਦਾ ਰਿਹਾ ਹੈ। ਇਸ ਨੂੰ ਕਮਜ਼ੋਰ ਕਰਨ ਲਈ ਕਾਂਗਰਸ ਵਲੋਂ ਇਹ ਸਾਜ਼ਿਸ਼ ਰਚੀ ਗਈ ਕਿ ਪਹਿਲਾਂ ਤਾਂ ਪੰਜਾਬੀਆਂ ਨੂੰ ਧਰਮ ਦੇ ਨਾਂ ਤੇ ਪਾੜੋ। ਐਸਾ ਕਰਨ ਨਾਲ ਕਾਂਗਰਸ ਦੇ ਹਿੰਦੂਆਂ ਦੇ ਵੋਟ ਤਾਂ ਪੱਕੇ ਹੀ ਹੋ ਜਾਣਗੇ ਅਤੇ ਕੁਝ ਸਿੱਖਾਂ ਦੇ ਵੀ ਵੋਟ ਮਿਲ ਜਾਣਗੇ, ਕਿਉਂਕਿ ਇਹ ਕੋਈ ਜ਼ਰੂਰੀ ਹੀ ਨਹੀਂ ਹੈ ਕਿ ਸਿਖ ਕਾਂਗਰਸੀ ਨਹੀਂ ਹੋ ਸਕਦਾ। ਸਿੱਖ ਕਾਂਗਰਸੀ ਵੀ ਹੋ ਸਕਦਾ ਹੈ। ਇਸ ਸਾਜ਼ਿਸ਼ ਅਧੀਨ ਇਹ ਕਾਰਵਾਈ ਕਰੋ ਕਿ ਪਹਿਲਾਂ ਧਰਮ ਦੇ ਨਾਂ ਤੇ ਇਹਨਾਂ ਦਾ ਵਿਰੋਧ ਖੜਾ ਕਰੋ, ਫਿਰ ਇਹਨਾਂ ਅਕਾਲੀਆਂ ਨੂੰ ਐਸੀ ਥਾਂ ਤੇ ਫਸਾ ਦਿਉ ਤੇ ਇਹਨਾਂ ਨੂੰ ਕੁਝ ਵੀ ਨਾ ਦਿਉ, ਤਾਂਕਿ ਉਹਨਾਂ ਦੇ ਪਿੱਛੇ ਖੜੇ ਸਿੱਖ ਵੀ ਆਪਣੇ ਇਹਨਾਂ ਲੀਡਰਾਂ ਦੇ ਵਿਰੁੱਧ ਹੋ ਜਾਣ ਅਤੇ ਇਹਨਾਂ ਨੂੰ ਠੁਕਰਾ ਦੇਣ ਤੇ ਕਹਿਣ ਕਿ ਇਹ ਸਾਡੇ ਲੀਡਰ ਨਹੀਂ ਹਨ। ਇਸੇ ਸੋਚ ਵਿਚ ਪਹਿਲਾਂ ਕਾਂਗਰਸ ਨੇ ਧਰਮ ਦੇ ਨਾਂ ਤੇ ਮਸਲਾ ਖੜ੍ਹਾ ਕੀਤਾ, ਫਿਰ ਇਹਨਾਂ ਦੇ ਪੈਰ ਖਿੱਚਣੇ ਸ਼ੁਰੂ ਕਰ ਦਿਤੇ। ਬੱਸ ਇਥੋਂ ਹੀ ਇਹਨਾਂ ਰਾਜਨੀਤਕ ਲੋਕਾਂ ਨੇ ਅੱਗ ਸੁਲਗਾਈ ਕਿ ਪੰਜਾਬ ਵਿਚ ਕਿਸੇ ਤਰ੍ਹਾਂ ਅਕਾਲੀ ਪਾਰਟੀ ਕਮਜ਼ੋਰ ਹੋ ਜਾਏ। ਤੁਸੀਂ ਆਪ ਹੀ ਦਸੋ ਕੁਝ ਦਿਨ ਪਹਿਲਾਂ ਤਕ ਕਾਂਗਰਸ ਵੀ ਅਤੇ ਹੋਰ ਸਾਰੀਆਂ ਸਿਆਸੀ ਪਾਰਟੀਆਂ ਲਗਾਤਾਰ ਇਹ ਕਹਿੰਦੀਆਂ ਆ ਰਹੀਆਂ ਸਨ ਕਿ ਬਰਨਾਲਾ ਕਿਸੇ ਕੰਮ ਦਾ ਨਹੀਂ, ਇਸ ਦੀ ਸਰਕਾਰ ਨਿਕੰਮੀ ਹੈ। ਜਦੋਂ ਸਿੱਖ ਧਰਮ ਦਾ ਅੰਦਰੂਨੀ ਮਸਲਾ ਆ ਗਿਆ ਤਾਂ ਇਹ ਸਾਰੇ ਬਰਨਾਲਾ-ਵਿਰੋਧੀ ਸਿਆਸੀ ਲੋਕ ਹੀ ਸਿੱਖ ਕੌਮ ਅਤੇ ਅਕਾਲੀ ਦਲ ਵਿਚ ਫੁਟ ਪਾਉਣ ਲਈ ਬਰਨਾਲਾ ਨਾਲ ਹੋ ਗਏ। ਤੇ ਹੁਣ ਆਖਦੇ ਹਨ ਕਿ ਬਰਨਾਲਾ ਬਹੁਤ ਚੰਗਾ ਹੋ ਗਿਆ ਹੈ ਅਤੇ ਇਸ ਦੀ ਸਰਕਾਰ ਵੀ ਹੁਣ ਬਹੁਤ ਚੰਗੀ ਹੈ। ਕੀ ਇਸ ਵਿਚ ਕੋਈ ਹੋਰ ਗੱਲ ਬਾਕੀ ਰਹਿ ਗਈ ਹੈ ਕਿ ਇਹ ਸਭ ਕੁਝ ਵਿਰੋਧੀ ਸਿਆਸੀ ਲੋਕਾਂ ਵਲੋਂ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਕਿ ਸਿੱਖਾਂ ਵਿਚ ਫੁੱਟ ਪਾਈ ਜਾ ਸਕੇ ਤੇ ਇਸ ਤਰ੍ਹਾਂ ਨਾਲ ਵਿਰੋਧੀ ਤੇ ਮਜ਼ਬੂਤ ਸਿਆਸੀ ਪਾਰਟੀ ਅਕਾਲੀ ਦਲ ਕਮਜ਼ੋਰ ਹੋ ਕੇ ਰਹਿ ਜਾਏ। ਅਤੇ ਕਾਂਗਰਸ ਫਿਰ ਪੰਜਾਬ ਦੀ ਸੱਤਾ ਤੇ ਕਾਬਜ਼ ਹੋ ਸਕੇ। ਇਸੇ ਲਈ ਹੀ ਕੇਂਦਰ ਦੀ



www.AKJ.Org

ਕਾਂਗਰਸ ਪਾਰਟੀ ਨੇ ਪਹਿਲਾਂ ਇਹ ਫਿਰਕੂ ਅੱਗ ਲਾਈ, ਜੋ ਹੁਣ ਭਾਂਬੜ ਬਣ ਗਈ ਹੈ। ਇਹ ਜੋ ਹੁਣ ਅੱਤਵਾਦ ਦਾ ਪਾਣੀ ਉਬਲ ਰਿਹਾ ਹੈ, ਇਸ ਸਾਰੀ ਗੱਲ ਦੀ ਜੜ੍ਹ ਕਾਂਗਰਸ ਵਿਚ ਹੈ। ਜਿੰਨੀ ਦੇਰ ਇਹ ਸਾਫ ਦਿਲ ਨਾਲ ਮਹਿਸੂਸ ਨਹੀਂ ਕੀਤਾ ਜਾਂਦਾ ਕਿ ਇਹ ਸਿੱਖ ਵੀ ਸਾਡੇ ਭਰਾ ਹਨ, ਆਖਿਰ ਦੇਸ਼ ਦੀ ਅਜ਼ਾਦੀ ਲਈ ਇਹਨਾਂ ਵੀ ਕੁਝ ਕੀਤਾ ਹੈ ਅਤੇ ਇਹਨਾਂ ਦੇ ਵੀ ਕੁਝ ਅਧਿਕਾਰ ਹਨ, ਅਤੇ ਜਦੋਂ ਤਕ ਗੱਲ ਸੁਣੀ, ਸਮਝੀ ਤੇ ਅਮਲ ਵਿਚ ਨਹੀਂ ਲਿਆਂਦੀ ਜਾਂਦੀ, ਹਾਲਾਤ ਕਿਵੇਂ ਸੁਧਰ ਸਕਦੇ ਹਨ ? ਅਧਿਕਾਰ ਤਾਂ ਹਰ ਆਦਮੀ ਚਾਹੁੰਦਾ ਹੈ। ਅਧਿਕਾਰ ਮੰਗਣਾ ਕੋਈ ਮਾੜੀ ਗੱਲ ਨਹੀਂ। ਤੇ ਕੌਮ ਵਲੋਂ ਅਧਿਕਾਰ ਮੰਗਣ ਦੀ ਗੱਲ ਵੱਖਵਾਦੀ ਕਿਵੇਂ ਹੋਈ ? ਪਰ ਸਿਆਸੀ ਲੋਕਾਂ ਵਲੋਂ ਜਾਣ ਬੁਝ ਕੇ ਭੁਲੇਖੇ ਪਾਏ ਜਾ ਰਹੇ ਹਨ ਅਤੇ ਨਫਰਤ ਫ਼ੈਲਾਈ ਜਾ ਰਹੀ ਹੈ ਕਿ ਸਿੱਖ ਅੱਤਵਾਦੀ ਅਤੇ ਵੱਖਵਾਦੀ ਹਨ। ਸਿਆਸੀ ਲੋਕਾਂ ਦੀਆਂ ਮਨੁੱਖਤਾ ਵਿਚ ਨਫਰਤ ਪੈਦਾ ਕਰਨ ਦੀਆਂ ਚਾਲਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਨਾਕਾਮ ਕਰਨਾ ਚਾਹੀਦਾ ਹੈ, ਤਾਂ ਕਿ ਅਮਨ ਦੀ ਬਹਾਲੀ ਹੋ ਸਕੇ।

ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਅੱਜ ਤੋਂ ਸੌ ਸਾਲ ਪਿਛਾਂਹ ਦੇ ਸਮਾਜਕ ਜੀਵਨ ਤੇ ਝਾਤ ਮਾਰੋ। ਉਸ ਵੇਲੇ ਮਾਂ ਬਾਪ ਨੂੰ ਇਹ ਅਧਿਕਾਰ ਹੁੰਦਾ ਸੀ ਕਿ ਉਹ ਬੱਚਿਆਂ ਦੇ ਪਾਉਣ ਲਈ, ਖਾਣ ਲਈ ਜੋ ਲਿਆ ਦਿੰਦੇ ਸਨ, ਬੱਚੇ ਬਿਨਾਂ ਕਿੰਤੂ ਕੀਤੇ ਸਵੀਕਾਰ ਕਰ ਲੈਂਦੇ ਸਨ। ਉਸ ਵੇਲੇ ਨੂੰਹ-ਪੁੱਤਰ ਮਾਂ ਬਾਪ ਦੇ ਸਾਹਮਣੇ ਇਕੱਠੇ ਇਕ ਟੇਬਲ ਤੇ ਰੋਟੀ ਖਾਣ ਨਹੀਂ ਬੈਠ ਸਕਦੇ ਸਨ। ਪਰ ਹੁਣ ਸਮਾਜ ਬਦਲ ਗਿਆ ਹੈ। ਹੁਣ ਪੰਜ ਸਾਲ ਦੇ ਛੋਟੇ ਬੱਚੇ ਲਈ ਵੀ ਆਪਣਾ ਵੱਖਰਾ ਕਮਰਾ ਚਾਹੀਦਾ ਹੈ। ਦਸ ਸਾਲ ਦੇ ਬੱਚੇ ਦੇ ਕਮਰੇ ਵਿਚ ਜਾਣ ਲਈ ਮਾਂ ਬਾਪ ਨੂੰ ਵੀ ਪਹਿਲਾਂ ਦਰਵਾਜ਼ਾ ਖੜਕਾਉਣਾ ਪਵੇਗਾ। ਜੇ ਉਹ ਇਜਾਜ਼ਤ ਦੇਵੇ ਤਾਂ ਹੀ ਕਮਰੇ ਵਿਚ ਜਾਇਆ ਜਾ ਸਕਦਾ ਹੈ। ਤੁਸੀਂ ਸਾਰੇ ਇਹ ਤਾਂ ਮੰਨਦੇ ਹੋ ਕਿ ਨਹੀਂ ਕਿ ਦੇਸ਼ ਵੀ ਉਹੀ ਹੈ, ਸਮਾਜ ਵੀ ਉਹੀ ਹੈ, ਪਰ ਇਸ ਵਿਚ ਕੁਛ ਤਬਦੀਲੀਆਂ ਜ਼ਰੂਰ ਆਈਆਂ ਹਨ। ਅਸੀਂ ਸਾਰਿਆਂ ਨੇ ਪਰਿਵਾਰਕ ਮਾਮਲਿਆਂ ਵਿਚ ਤਾਂ ਇਹ ਤਬਦੀਲੀਆਂ ਸਵੀਕਾਰ ਵੀ ਕਰ ਲਈਆਂ ਹਨ, ਪਰ ਬਾਕੀ ਮਾਮਲਿਆਂ ਵਿਚ ਇਹਨਾਂ ਤਬਦੀਲੀਆਂ ਨੂੰ ਸਵੀਕਾਰ ਕਿਉਂ ਨਹੀਂ ਕੀਤਾ ਜਾਂਦਾ ? ਹੁਣ ਪਰਜਾ ਵੀ ਪੜ੍ਹੀ ਲਿਖੀ ਹੋ ਗਈ ਹੈ। ਨੌਜਵਾਨ ਵੀ ਪੜ੍ਹੇ ਲਿਖੇ ਹੋ ਗਏ ਹਨ। ਉਹ ਗ਼ੁਲਾਮੀ ਤੇ ਆਜ਼ਾਦੀ ਨੂੰ ਵੀ ਚੰਗੀ ਤਰ੍ਹਾਂ ਸਮਝਦੇ ਹਨ। ਉਹ ਕਹਿੰਦੇ ਹਨ ਕਿ ਦੇਸ਼ ਵਿਚ ਰਹਿ ਕੇ ਵੀ ਆਜ਼ਾਦੀ ਮਾਣ ਸਕੀਏ। ਜਿਸ ਤਰ੍ਹਾਂ ਅੱਜ ਦੇ ਨੂੰਹ ਪੁੱਤਰ ਆਜ਼ਾਦੀ ਚਾਹੁੰਦੇ ਹਨ ; ਜੇ ਇਹ ਗੱਲ ਨਹੀਂ ਤਾਂ ਅੱਜ ਦੇ ਨੂੰਹ ਪੁੱਤਰਾਂ ਉੱਤੇ ਪਹਿਲਾਂ ਵਾਲੀਆਂ ਪਾਬੰਦੀਆਂ ਲਾ ਕੇ ਵੇਖੋ, ਦੂਜੇ ਦਿਨ ਆਖ ਦੇਣਗੇ ਕਿ ਅਸੀਂ ਅਲਹਿਦਾ ਹੋਣਾ ਚਾਹੁੰਦੇ ਹਾਂ। ਕੀ ਐਸਾ ਸੋਚਣ ਵਾਲਿਆਂ ਬੱਚਿਆਂ ਉੱਤੇ ਤੁਸੀਂ ਦੋਸ਼ ਲਾਉਗੇ ਕਿ ਉਹ ਅਲਹਿਦਾ ਹੋਣਾ ਚਾਹੁੰਦੇ ਹਨ ? ਕੀ ਘਰ ਵਿਚ ਸ਼ਾਂਤੀ ਲਈ ਤੁਸੀਂ ਉਹਨਾਂ ਦੇ ਮਾਂ ਬਾਪ ਨੂੰ ਬਦਲੇ ਸਮੇਂ ਦੇ ਅਧਿਕਾਰ ਦੇਣ ਲਈ ਪ੍ਰੇਰਿਤ ਨਹੀਂ ਕਰੋਗੇ ? ਕੀ ਅਜਿਹਾ ਹੀ ਸੋਚਣ ਵਾਲੇ ਬੱਚੇ 'ਖਾਲਿਸਤਾਨ' ਬਣਾਉਣਾ ਚਾਹੁੰਦੇ ਹਨ ? ਕੀ ਦੇਸ਼ ਤੋਂ ਵੱਖਰੇ ਹੋਣਾ ਚਾਹੁੰਦੇ ਹਨ ? ਜੇ ਨਵੇਂ ਸਮਾਜ ਦੇ ਬੱਚਿਆਂ ਦੀ ਪਰਿਵਾਰਕ ਅਧਿਕਾਰਾਂ ਦੀ ਮੰਗ ਨੂੰ ਲੈ ਕੇ ਅਲਹਿਦਾ ਹੋਣ ਵਾਲੀ ਗੱਲ ਨਹੀਂ ਸਮਝੀ ਜਾਂਦੀ, ਸਗੋਂ ਜ਼ਰੂਰਤ ਸਮਝੀ ਜਾਂਦੀ ਹੈ ਤਾਂ ਸਿਆਸੀ ਅਧਿਕਾਰ ਮੰਗਣ ਵਾਲਿਆਂ ਨੂੰ ਇਸ ਬਦਲੇ ਸਮਾਜ ਵਿਚ ਵੱਖਵਾਦੀ ਤੇ ਖਾਲਿਸਤਾਨ ਦੇ ਹਮਾਇਤੀ ਹੋਣ ਦਾ ਦੋਸ਼ੀ ਕਿਉਂ ਠਹਿਰਾਇਆ ਜਾਂਦਾ ਹੈ ?

ਕੀ ਉਹ ਖਾਲਿਸਤਾਨ ਚਾਹੁੰਦੇ ਹਨ ? ਜਾਂ ਅਧਿਕਾਰ ਚਾਹੁੰਦੇ ਹਨ ? ਕਿੰਨੀ ਤਬਦੀਲੀ ਆਈ ਹੈ ਸਮਾਜ ਵਿਚ, ਉਹ ਅਸਾਂ ਕਬੂਲ ਕੀਤੀ ਹੈ। ਬੱਚਿਆਂ ਦੀ ਅਜ਼ਾਦੀ ਅਤੇ ਅਧਿਕਾਰਾਂ ਨੂੰ ਅੱਜ ਦੇ ਮਾਂ ਬਾਪ ਨੇ ਸਵੀਕਾਰ ਕੀਤਾ ਹੈ। ਕੀ ਪਰਿਵਾਰ ਦੇ ਹਰ ਬੱਚੇ ਲਈ ਅਲਹਿਦਾ ਕਮਰਾ ਹੋਣਾ ਵੱਖਵਾਦ ਹੈ ? ਯਾਦ ਰੱਖੋ ਜਦੋਂ ਤਕ ਘਰ ਦੀ ਚਾਰ-ਦੀਵਾਰੀ ਇਕ ਹੈ, ਮੁਖ ਦਰਵਾਜ਼ਾ ਤੇ ਨੇਮ-ਪਲੇਟ ਵੀ ਇਕ ਹੈ, ਕਮਰਿਆਂ ਦੇ ਅਲਹਿਦਾ ਹੋਣ ਦੇ ਬਾਵਜੂਦ ਉਸ ਨੂੰ ਅਲਹਿਦਾ ਨਹੀਂ ਕਿਹਾ ਜਾ ਸਕਦਾ। ਕੋਈ ਨਹੀਂ ਆਖੇਗਾ ਕਿ ਘਰ ਵੰਡਿਆ ਗਿਆ ਹੈ। ਵੱਖਰੇ ਕਮਰੇ ਦੇਣ ਨਾਲ ਮਾਂ ਬਾਪ ਨੇ ਬੱਚਿਆਂ ਨੂੰ ਅਧਿਕਾਰ ਦਿੱਤੇ ਹਨ ਕਿ ਉਹ ਆਪਣੇ ਕਮਰਿਆਂ ਦੇ ਜ਼ਿੰਮੇਵਾਰ



www.AKJ.Org

ਹੋਣ। ਵੱਖਰਾ ਨਹੀਂ ਕੀਤਾ, ਤੇ ਨਾ ਹੀ ਬੱਚੇ ਵੱਖਰੇ ਹੋਏ ਹਨ। ਬਦਲੇ ਹੋਏ ਸਮਾਜ ਵਿਚ ਐਸੇ ਪਰਿਵਾਰ ਜ਼ਿਆਦਾ ਖ਼ੁਸ਼ਹਾਲ ਅਤੇ ਪਿਆਰ ਵਾਲੇ ਹੁੰਦੇ ਹਨ, ਜਿਨ੍ਹਾਂ ਦੇ ਮਾਂ ਬਾਪ ਉਨ੍ਹਾਂ ਨੂੰ ਘਰ ਵਿਚ ਰਹਿੰਦਿਆਂ ਵੱਖਰੇ ਕਮਰੇ ਰਾਹੀਂ ਵੱਧ ਅਧਿਕਾਰ ਅਤੇ ਆਜ਼ਾਦੀ ਦੇ ਦਿੰਦੇ ਹਨ। ਐਸੇ ਮਕਾਨ ਦੀ ਸਫ਼ਾਈ ਵੀ ਚੰਗੀ ਹੁੰਦੀ ਹੈ, ਕਿਉਂਕਿ ਜ਼ਿੰਮੇਵਾਰੀਆਂ ਸਿਰਫ਼ ਇਕ ਮਾਂ ਬਾਪ ਦੀ ਬਜਾਏ ਸਾਰਿਆਂ ਬੱਚਿਆਂ ਨੇ ਲੈ ਲਈਆਂ ਹੁੰਦੀਆਂ ਹਨ, ਇਸ ਨੂੰ ਸਵਾਰਨ ਦੀਆਂ। ਤੇ ਜਦੋਂ ਘਰ ਵੰਡਿਆ ਜਾਵੇ ਤਾਂ ਨੇਮ-ਪਲੇਟ, ਮੁਖ ਦਰਵਾਜ਼ੇ ਸਭ ਅਲਹਿਦਾ ਹੋ ਜਾਂਦੇ ਹਨ ਤੇ ਮਕਾਨ ਵਿਚ ਦੀਵਾਰਾਂ ਖੜ੍ਹੀਆਂ ਹੋ ਜਾਂਦੀਆਂ ਹਨ।

ਮੈਂ ਕਹਿੰਦਾ ਹਾਂ ਕਿ ਸਿੱਖ ਬਿਲਕੁਲ ਹੀ ਦੇਸ਼ ਦੀ ਵੱਖਰੀ ਨੇਮ-ਪਲੇਟ ਨਹੀਂ ਚਾਹੁੰਦੇ। 'ਭਾਰਤ' ਦੇਸ਼-ਘਰ ਵਿਚ ਹੀ ਇਕ ਅਲਹਿਦਾ ਕਮਰਾ ਚਾਹੁੰਦੇ ਹਨ, ਜਿਥੇ ਉਹ ਆਜ਼ਾਦੀ ਮਾਣ ਸਕਣ। ਉਹ ਵਧ ਅਧਿਕਾਰ ਚਾਹੁੰਦੇ ਹਨ। ਇਹ ਵਧ ਅਧਿਕਾਰ ਸਿਰਫ਼ ਪੰਜਾਬ ਹੀ ਨਹੀਂ, ਹੋਰ ਵੀ ਸੂਬੇ ਚਾਹੁੰਦੇ ਹਨ, ਤੇ ਪੰਜਾਬ ਤੋਂ ਪਹਿਲਾਂ ਉਨ੍ਹਾਂ ਸੂਬਿਆਂ ਵਿਚ ਆਵਾਜ਼ ਉੱਠੀ ਹੈ ਤੇ ਉੱਠਦੀ ਆਈ ਹੈ। ਅਧਿਕਾਰ ਮੰਗਣ ਦਾ ਮਤਲਬ ਦੇਸ਼ ਤੋਂ ਟੁੱਟਣਾ ਨਹੀਂ ਹੈ। ਇਹ ਵੱਖਵਾਦ ਨਹੀਂ ਹੈ, ਜਿਸ ਨੂੰ ਤੁਸੀਂ ਵੱਖਵਾਦ ਆਖਦੇ ਹੋ। ਇਹ ਅਲਹਿਦਾ ਹੋਣ ਵਾਲੀ ਗੱਲ ਬਿਲਕੁਲ ਹੀ ਨਹੀਂ ਹੈ। ਇਹ ਕੇਵਲ ਤੇ ਕੇਵਲ ਅਧਿਕਾਰਾਂ ਦੀ ਮੰਗ ਹੈ, ਜੋ ਜਾਇਜ਼ ਹੈ।

ਬਦਲੇ ਹੋਏ ਜ਼ਮਾਨੇ ਦੇ ਪੜ੍ਹੇ ਲਿਖੇ ਬੱਚਿਆਂ ਦੀ ਤਰ੍ਹਾਂ ਪੜ੍ਹੀ ਲਿਖੀ ਦੇਸ਼ ਦੀ ਪਰਜਾ ਵੀ ਹੁਣ ਆਪਣੇ ਅਧਿਕਾਰ ਚਾਹੁੰਦੀ ਹੈ ਅਤੇ ਇਹ ਵੀ ਚਾਹੁੰਦੀ ਹੈ ਕਿ ਕੇਂਦਰ ਸਰਕਾਰ ਪਰਜਾ ਰੂਪੀ ਬੱਚਿਆਂ ਪ੍ਰਤੀ ਅੱਜ ਕਲ੍ਹ ਦੇ ਮਾਂ ਬਾਪ ਵਾਲਾ ਵਤੀਰਾ ਧਾਰਨ ਕਰੇ। ਸੌ ਸਾਲ ਪੁਰਾਣੇ ਮਾਂ ਬਾਪ ਦੇ ਵਤੀਰੇ ਨੂੰ ਅੱਜ ਦਾ ਬੱਚਾ ਬਰਦਾਸ਼ਤ ਨਹੀਂ ਕਰਦਾ। ਇਹੀ ਗੱਲ ਕੇਂਦਰ ਸਰਕਾਰ ਨੂੰ ਸਮਝਾਉਣੀ ਚਾਹੀਦੀ ਹੈ ਕਿ ਜਦੋਂ ਪੜ੍ਹੇ ਲਿਖੇ ਸਮਝਦਾਰ ਪਰਜਾ ਰੂਪੀ ਬੱਚੇ ਬਦਲੇ ਸਮੇਂ ਵਿਚ ਆਪਣੇ ਲੁੜੀਂਦੇ ਅਧਿਕਾਰਾਂ ਦੀ ਮੰਗ ਕਰਨ ਤਾਂ ਉਨ੍ਹਾਂ ਨੂੰ ਵੱਖਵਾਦੀ ਆਖ ਕੇ ਭੰਡੇ ਨਾ, ਸਗੋਂ ਸਿਆਣੇ ਮਾਂ ਬਾਪ ਦੀ ਤਰ੍ਹਾਂ ਉਸ ਦੀਆਂ ਲੋੜਾਂ ਨੂੰ ਸਮਝੇ। ਇਸ ਨਾਲ ਦੇਸ਼ ਰੂਪੀ ਘਰ ਵਿਚ ਸੁਖ, ਸ਼ਾਂਤੀ ਅਤੇ ਪਿਆਰ ਬਣਿਆ ਰਹੇਗਾ।

**ਸਵਾਮੀ ਵਾਮ ਦੇਵ** :–ਪ੍ਰੋਫੈਸਰ ਸਾਹਿਬ ! ਅਸੀਂ ਤਾਂ ਕੁਝ ਕਹਿਣ ਲਈ ਆਏ ਸਾਂ, ਪਰ ਤੁਹਾਡੀਆਂ ਠੋਸ ਦਲੀਲਾਂ ਨਾਲ ਸਾਡੇ ਭਰਮ ਦੂਰ ਹੋ ਗਏ ਹਨ। ਅਸੀਂ ਬਹੁਤ ਕੁਝ ਸੁਣ ਲਿਆ ਹੈ। ਅੱਜ ਦੀ ਵਾਰਤਾ ਤੋਂ ਅਸੀਂ ਇਸ ਨਤੀਜੇ ਤੇ ਪੁਜੇ ਹਾਂ ਤੇ ਇਹ ਗੱਲ ਸਾਬਤ ਹੋ ਗਈ ਹੈ ਕਿ ਕੋਈ ਵੀ ਮਸਲਾ ਐਸਾ ਨਹੀਂ ਹੈ ਜਿਸ ਦਾ ਹੱਲ ਨਾ ਲੱਭਿਆ ਜਾ ਸਕੇ। ਤੁਹਾਡਾ ਮਤਲਬ ਸਾਫ਼ ਹੈ ਕਿ ਸੰਵਿਧਾਨ ਦੇ ਤਹਿਤ ਇਨ੍ਹਾਂ ਲੋਕਾਂ ਨੂੰ ਅਧਿਕਾਰ ਮਿਲਣੇ ਚਾਹੀਦੇ ਹਨ।

**ਪ੍ਰੋ: ਦਰਸ਼ਨ ਸਿੰਘ** :–ਬੱਸ ਬੱਸ, ਸਿਰਫ ਏਨੀ ਗੱਲ ਹੀ ਹੈ ਅਤੇ ਇਹ ਬਿਲਕੁਲ ਸਪੱਸਟ ਗੱਲ ਹੈ।

**ਸਵਾਮੀ ਵਾਮ ਦੇਵ** :–ਮੈਂ ਵੀ ਬਿਲਕੁਲ ਸਪੱਸ਼ਟ ਹੋ ਗਿਆ ਹਾਂ। ਮੈਂ ਵੀ ਸਮਝਦਾ ਹਾਂ ਕਿ ਐਸਾ ਕਰਨ ਲੱਗਿਆਂ ਭਾਰਤ ਸਰਕਾਰ ਨੂੰ ਕੋਈ ਔਖਿਆਈ ਨਹੀਂ ਹੋਣੀ ਚਾਹੀਦੀ। ਉਸ ਨੂੰ ਬੱਚਿਆਂ ਨਾਲ ਗੱਲ ਕਰਨੀ ਚਾਹੀਦੀ ਹੈ ਅਤੇ ਬਿਨਾਂ ਵਜ੍ਹਾ ਦੇ ਕਤਲ ਰੋਕੇ ਜਾਣੇ ਚਾਹੀਦੇ ਹਨ।

**ਸਵਾਮੀ ਮਿਤਰਾ ਨੰਦ** :–ਪ੍ਰੋਫੈਸਰ ਸਾਹਿਬ ! ਇਕ ਗੱਲ ਹੋਰ ਸਪੱਸ਼ਟ ਕਰ ਦਿਉ ਕਿ ਤੁਸੀਂ ਜਾਤੀ ਦੇ ਅਧਾਰ ਤੇ ਦੇਸ਼ ਰੂਪੀ ਘਰ ਵਿਚ ਅਲਹਿਦਾ ਕਮਰਾ ਚਾਹੁੰਦੇ ਹੋ ?

**ਪ੍ਰੋ: ਦਰਸ਼ਨ ਸਿੰਘ** :–ਨਹੀਂ ਨਹੀਂ, ਮੈਂ ਪਹਿਲਾਂ ਵੀ ਕਿਹਾ ਹੈ ਕਿ ਬੱਚੇ ਕੁਝ ਹੋਰ ਵਧ ਅਧਿਕਾਰ ਚਾਹੁੰਦੇ ਹਨ ਜੋ ਆਪਸ ਵਿਚ ਮਿਲ ਬੈਠ ਕੇ ਵਿਧਾਨ ਦੀ ਹੱਦ ਅੰਦਰ ਹੀ ਤੈਅ ਕੀਤੇ ਜਾ ਸਕਦੇ ਹਨ। ਮੈਂ ਸਾਫ਼ ਕਿਹਾ ਹੈ ਕਿ ਜਦੋਂ ਤਕ ਘਰ ਦੀ ਚਾਰ-ਦੀਵਾਰੀ ਅਤੇ ਮੇਨ ਗੇਟ ਇਕ ਹੈ, ਉਦੋਂ ਤਕ ਵੱਖਵਾਦ ਦੀ ਗੱਲ ਨਹੀਂ ਹੋਵੇਗੀ।

**ਸਾਰੇ ਸਵਾਮੀ** :–ਇਹੀ ਗੱਲ ਹੋਈ ਨਾ ਕਿ ਤੁਸੀਂ ਹੋਰ ਵੱਧ ਅਧਿਕਾਰ ਚਾਹੁੰਦੇ ਹੋ ?



www.AKJ.Org

**ਪ੍ਰੋ: ਦਰਸ਼ਨ ਸਿੰਘ** :–ਅਸੀਂ ਹੀ ਨਹੀਂ, ਦੇਸ਼ ਦੇ ਸਾਰੇ ਸੂਬੇ ਹੀ ਵੱਧ ਅਧਿਕਾਰ ਚਾਹੁੰਦੇ ਹਨ, ਜਿਨ੍ਹਾਂ ਦੀ ਮੰਗ ਸਿੱਖਾਂ ਨੇ ਪੰਜਾਬ ਲਈ ਕੀਤੀ ਹੈ।

**ਸਵਾਮੀ ਮਿਤਰਾ ਨੰਦ** :–ਪ੍ਰੋਫੈਸਰ ਸਾਹਿਬ, ਮੰਨ ਲਓ ਜੇ ਕਲ੍ਹ ਨੂੰ ਪੰਜਾਬ ਵਿਚ ਤੁਹਾਡੀ ਮਰਜ਼ੀ ਦੀ ਸਰਕਾਰ ਬਣ ਜਾਏ ਤਾਂ ਤੁਹਾਨੂੰ ਇੰਜ ਲੱਗਦਾ ਹੈ ਕਿ ਇਥੋਂ ਦੇ ਬਹੁਤ ਸਾਰੇ ਮਸਲੇ ਹੱਲ ਹੋ ਜਾਣਗੇ ?

**ਪ੍ਰੋ: ਦਰਸ਼ਨ ਸਿੰਘ** :–ਸਰਕਾਰ ਕੋਈ ਵੀ ਸਾਡੀ ਨਹੀਂ ਜਾਂ ਤੁਹਾਡੀ ਕੋਈ ਅਲਹਿਦਾ ਨਹੀਂ ਹੁੰਦੀ, ਜ਼ਰੂਰਤ ਤਾਂ ਅਸੂਲ ਦੀ ਹੈ। ਕੋਈ ਵੀ ਸਰਕਾਰ ਆ ਜਾਏ। ਅਸੂਲ ਨਾਲ ਲੈ ਕੇ ਆ ਜਾਏ। ਦਿਲ ਸਾਫ਼ ਰੱਖ ਕੇ ਆ ਜਾਏ ਤਾਂ ਸਾਰਿਆਂ ਉਲਝਿਆਂ ਮਸਲਿਆਂ ਦਾ ਹੱਲ ਨਿਕਲ ਸਕਦਾ ਹੈ। ਨਹੀਂ ਤਾਂ ਸਰਕਾਰ ਕੋਈ ਵੀ ਹੋਵੇ, ਬੇ-ਅਸੂਲੀ ਹੋਵੇ ਤਾਂ ਭਾਵੇਂ ਬਰਨਾਲਾ ਸਰਕਾਰ ਵਰਗੀ ਹੋਵੇ, ਹਾਲਤ ਤਾਂ ਵੀ ਮਾੜੇ ਹਨ। ਜੇ ਅਸੂਲ ਰਹਿਤ ਸਰਕਾਰ ਕਾਂਗਰਸ ਦੀ ਸੀ, ਹਾਲਤ ਤਾਂ ਵੀ ਮਾੜੀ ਹੀ ਸੀ। ਗੱਲ ਕੀ, ਸਰਕਾਰ ਕੋਈ ਵੀ ਹੋਵੇ, ਜੇ ਅਸੂਲ ਤੇ ਸਾਫ਼ਗੋਈ ਉਸ ਵਿਚ ਹੋਵੇਗੀ ਤਾਂ ਹੀ ਮਸਲਿਆਂ ਦਾ ਹੱਲ ਹੋਵੇਗਾ, ਨਹੀਂ ਤਾਂ ਨਹੀਂ।

**ਸਵਾਮੀ ਵਾਮ ਦੇਵ** :–ਇਸ ਦੇ ਹੱਲ ਦਾ ਕੋਈ ਆਸਾਨ ਜਿਹਾ ਤਰੀਕਾ ਦਸੋ, ਪ੍ਰੋਫੈਸਰ ਸਾਹਿਬ।

**ਪ੍ਰੋਫੈਸਰ ਦਰਸ਼ਨ ਸਿੰਘ** :–ਇਸ ਦਾ ਅਸਾਨ ਤਰੀਕਾ ਇਹੀ ਹੈ ਕਿ ਉਨ੍ਹਾਂ ਰਾਜਨੀਤਕਾਂ ਦੇ ਦਿਮਾਗ ਵਿਚ ਇਹ ਸਾਰੀਆਂ ਗੱਲਾਂ ਬਿਠਾਉ ਜੋ ਅੱਜ ਹੋਈਆਂ ਹਨ।

**ਸਵਾਮੀ ਮਿਤਰਾ ਨੰਦ** :–ਪ੍ਰੋਫੈਸਰ ਸਾਹਿਬ, ਤੁਸੀਂ ਕਿਸ ਦੇ ਨਾਲ ਗੱਲ ਕਰਨਾ ਚਾਹੋਗੇ, ਤਾਂ ਕਿ ਅਸੀਂ ਉਸ ਅੱਗੇ ਵੀ ਜਾ ਕੇ ਬੇਨਤੀ ਕਰੀਏ ਕਿ ਸਾਫ਼ਗੋਈ ਨਾਲ ਜਾ ਕੇ ਗੱਲ ਕਰੋ ਸਾਡੇ ਰਾਗੀ ਜੀ ਨਾਲ। ਉਨ੍ਹਾਂ ਦਾ ਦਿਲ ਵੀ ਸਾਫ ਹੈ ਤੇ ਤੁਸੀਂ ਵੀ ਦਿਲ ਸਾਫ਼ ਕਰਕੇ ਜਾਉ ਉਹਨਾਂ ਕੋਲ।

**ਇਕ ਹੋਰ ਸਵਾਮੀ** :–ਇਹ ਕਿਸ ਤਰ੍ਹਾਂ ਵਿਸ਼ਵਾਸ ਕੀਤਾ ਜਾਏ ਕਿ ਰਾਗੀ ਜੀ ਨਾਲ ਗੱਲ ਕਰਨ ਵਾਲੇ ਦਾ ਦਿਲ ਸਾਫ਼ ਹੋਵੇਗਾ ?

**ਪ੍ਰੋ: ਦਰਸ਼ਨ ਸਿੰਘ** :–ਇਹ ਗੱਲ ਨਹੀਂ ਹੈ। ਦਿਲ ਵਿਚ ਗੁੱਸਾ ਹੋਵੇ ਤਾਂ ਦੋ ਸਾਲ ਦਾ ਬੱਚਾ ਵੀ ਦੂਰੋਂ ਪਛਾਣ ਜਾਂਦਾ ਹੈ ਕਿ ਬਾਪੂ ਨਰਾਜ਼ ਹੈ। ਇਹ ਕੋਈ ਗੱਲ ਨਹੀਂ ਹੈ। ਦਿਲ ਸਾਫ ਹੋਵੇ ਤਾਂ ਬਿਨਾਂ ਕਹੇ ਵੀ ਪਤਾ ਲਗ ਜਾਂਦਾ ਹੈ।

**ਕਰਨਾਟਕਾ ਦੇ ਜਗਤ ਗੁਰੂ ਸਾਧਵਾ-ਚਾਰੀਆ** :–ਇਸ ਦਾ ਅਰਥ ਸਾਨੂੰ ਇਹ ਸਮਝ ਆਉਂਦਾ ਹੈ ਕਿ ਪਹਿਲਾਂ ਗਲੇ ਲਾ ਲੈਣ ਨਾਲ ਜਿਸ ਤਰ੍ਹਾਂ ਹਿਰਦਾ ਸ਼ਾਂਤ ਹੋ ਜਾਂਦਾ ਹੈ, ਕੀ ਇਹ ਤਰੀਕਾ ਹੈ ਗੱਲਬਾਤ ਸ਼ੁਰੂ ਕਰਾਉਣ ਦਾ ?

**ਪ੍ਰੋ: ਦਰਸ਼ਨ ਸਿੰਘ** :–ਹਾਂ ! ਬਿਲਕੁਲ ਠੀਕ, ਇਹੀ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ। ਸਿਰਫ਼ ਇਹੀ ਤਰੀਕਾ ਹੈ, ਹੋਰ ਕੋਈ ਨਹੀਂ। ਜਿੰਨੀ ਦੇਰ ਤਕ ਇਨ੍ਹਾਂ ਗੁੱਸੇ ਹੋਏ ਦੇਸ਼ ਦੇ ਬੱਚਿਆਂ ਨੂੰ ਗਲੇ ਨਾਲ ਨਹੀਂ ਲਾਇਆ ਜਾਂਦਾ, ਉਨੀ ਦੇਰ ਕੋਈ ਗੱਲ ਨਹੀਂ ਬਣ ਸਕਦੀ।

**ਸਾਰੇ ਸਵਾਮੀ (ਇਕ ਆਵਾਜ਼ ਵਿਚ)**–ਫਿਰ ਤਾਂ ਗੱਲ ਬੜੀ ਸੰਭਵ ਹੈ।

**ਪ੍ਰੋ: ਦਰਸ਼ਨ ਸਿੰਘ**:–ਮੈਂ ਕਹਿੰਦਾ ਹਾਂ ਕਿ ਕੁਝ ਵੀ ਅਸੰਭਵ ਨਹੀਂ, ਸਭ ਕੁਝ ਸੰਭਵ ਹੈ ਜੇਕਰ ਦਿਲ ਸਾਫ ਹੋਣ ਤਾਂ।

**ਸਾਰੇ ਸਵਾਮੀ** :–ਮਹਾਰਾਜ, ਸਾਡੀ ਯਾਤਰਾ ਸਫਲ ਹੋਈ, ਸਫਲ ਹੋਈ।

**ਪ੍ਰੋ: ਦਰਸ਼ਨ ਸਿੰਘ** :–ਮੈਂ ਇਹ ਕਹਿੰਦਾ ਹਾਂ ਕਿ ਜੋ ਗੱਲ ਅੱਜ ਤੁਹਾਡੇ ਸਾਡੇ ਵਿਚਕਾਰ ਹੋਈ ਹੈ ਅਤੇ ਜਿਸ ਨਤੀਜੇ ਤੇ ਅਸੀਂ ਅੱਜ ਪਹੁੰਚੇ ਹਾਂ, ਇਸ ਦਾ ਪ੍ਰਚਾਰ ਇਥੋਂ ਬਾਹਰ ਜਾ ਕੇ ਵੀ ਕੀਤਾ ਜਾਣਾ ਚਾਹੀਦਾ ਹੈ, ਤਾਂ ਕਿ ਰਾਜਨੀਤਕ ਲੋਕਾਂ ਵਲੋਂ ਦੁਹਾਂ ਫਿਰਕਿਆਂ ਵਿਚ ਇਕ ਦੂਜੇ ਪ੍ਰਤੀ ਪੈਦਾ ਕਰ ਦਿੱਤੀ ਗਈ ਨਫ਼ਰਤ ਤੇ ਭੁਲੇਖ ਦੂਰ ਹੋ ਸਕਣ ਤੇ ਆਪਸੀ ਵਿਸ਼ਵਾਸ ਵਿਚ ਵਾਧਾ ਹੋਵੇ।

**ਸਵਾਮੀ ਵਾਮਦੇਵ** :–(ਸਾਰੇ ਮੁਨੀਆਂ ਨੂੰ ਸੰਬੋਧਨ ਕਰਦੇ ਹੋਏ) ਦਸੋ ਮੈਂ ਪਹਿਲਾਂ ਹੀ ਇਨ੍ਹਾਂ ਗੱਲਾਂ ਦਾ



www.AKJ.Org

ਪ੍ਰਚਾਰ ਕਰਦਾ ਹਾਂ ਕਿ ਨਹੀਂ, ਜੋ ਪ੍ਰੋਫੈਸਰ ਸਾਹਿਬ ਨੇ ਆਖੀਆਂ ਹਨ।

**ਸਾਰੇ ਸਵਾਮੀ** :–ਜੀ ਹਾਂ।

**ਸਵਾਮੀ ਵਾਮ ਦੇਵ** :–ਇਹ ਗੱਲ ਠੀਕ ਹੈ ਕਿ ਰਾਜਨੀਤੀ ਸਾਨੂੰ ਪਾੜੀ ਜਾ ਰਹੀ ਹੈ ਅਤੇ ਸਾਨੂੰ ਸਾਰਿਆਂ ਨੂੰ ਮਿਲ ਕੇ ਆਪਸੀ ਸਦਭਾਵ ਪੈਦਾ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ।

**ਪ੍ਰੋ: ਦਰਸ਼ਨ ਸਿੰਘ** :–(ਅਖੀਰ ਵਿਚ ਫਿਰ ਬੋਲੇ) ਦੇਸ਼ ਵਿਚ ਅਮਨ ਤੇ ਸਦਭਾਵਨਾ ਪੈਦਾ ਕਰਨ ਦੇ ਜਿਸ ਰਾਹ ਤੇ ਅਸੀਂ ਸਾਰੇ ਧਰਮੀ ਲੋਕ ਤੁਰੇ ਹਾਂ, ਇਸ ਦਿਸ਼ਾ ਵੱਲ ਸਾਡਾ ਪਹਿਲਾ ਕਦਮ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਸਾਰੇ ਧਰਮੀ ਲੋਕ ਇਕ ਹੋ ਕੇ ਰਾਜਨੀਤਕਾਂ ਨੂੰ ਇਹ ਗੱਲ ਸਮਝਾ ਦੇਈਏ ਕਿ ਤੁਸੀਂ ਧਰਮ ਤੋਂ ਦੂਰ ਨਾ ਹੋਵੋ। ਜੇ ਤੁਸੀਂ ਧਰਮ ਤੋਂ ਦੂਰ ਹੋ ਗਏ, ਸਿਆਸਤ ਅਧਰਮੀ ਹੋ ਗਈ ਤਾਂ ਬੇ-ਇਨਸਾਫ਼ੀਆਂ ਪੈਦਾ ਹੋਣ ਨਾਲ ਇਹ ਦੇਸ਼ ਤਬਾਹ ਹੋ ਜਾਵੇਗਾ। ਧਰਮ ਹੋਵੇਗਾ ਤਾਂ ਹੀ ਇਨਸਾਫ਼ ਹੋਵੇਗਾ। ਇਨਸਾਫ ਹੋਵੇਗਾ ਤਾਂ ਆਪਸੀ ਵਿਸ਼ਵਾਸ ਵਧੇਗਾ। ਵਿਸ਼ਵਾਸ ਹੀ ਅਮਨ ਦਾ ਜਨਮਦਾਤਾ ਹੈ। ਅਮਨ ਰਿਹਾ ਤਾਂ ਦੇਸ਼ ਦੀ ਸਰਬ-ਪੱਖੀ ਤਰੱਕੀ ਹੋਵੇਗੀ। ਖ਼ੁਸ਼ਹਾਲੀ ਵਧੇਗੀ।

ਜਿਥੇ ਪਰਜਾ ਖ਼ੁਸ਼ ਰਹੇ ਅਤੇ ਰਾਜਾ ਤੇ ਵਿਸ਼ਵਾਸ ਕਰੇ, ਐਸੇ ਰਾਜ ਨੂੰ ਹੀ ਰਾਮ-ਰਾਜ ਕਿਹਾ ਜਾਂਦਾ ਹੈ। ਐਸਾ ਰਾਜ ਧਰਮ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ। ਦੇਸ਼ ਵਿਚ ਐਸਾ ਹੀ ਇਨਸਾਫ਼ ਵਾਲਾ ਰਾਜ ਹੋਵੇ। ਸਾਰੇ ਧਰਮੀ ਲੋਕਾਂ ਦੀ ਹਮੇਸ਼ਾ ਈ ਇਹ ਇਛਿਆ ਰਹਿੰਦੀ ਹੈ ਤੇ ਸਾਡੀ ਵੀ ਇਹੀ ਇਛਿਆ ਹੈ।

**ਕਈ ਸਵਾਮੀ** :–ਬਹੁਤ ਖ਼ੂਬ, ਬਹੁਤ ਖ਼ੂਬ! ਅਸੀਂ ਸਾਰੇ ਆਪ ਜੀ ਨੂੰ ਮਿਲ ਕੇ ਬੜੇ ਖ਼ੁਸ਼ ਹੋਏ ਹਾਂ। ਸਾਡੇ ਮਨਾਂ ਵਿਚੋਂ ਉਹ ਸਾਰੇ ਭੁਲੇਖੇ ਨਿਕਲ ਗਏ ਹਨ ਜੋ ਸਿੱਖਾਂ ਬਾਰੇ ਪੈ ਗਏ ਸਨ। ਅਸੀਂ ਤੁਹਾਡੇ ਬੜੇ ਧੰਨਵਾਦੀ ਹਾਂ, ਜਿਨ੍ਹਾਂ ਨੇ ਕੌਮ ਦੇ ਧਾਰਮਿਕ ਮੁਖੀ ਵਜੋਂ ਸਿੱਖ ਕੌਮ ਦੀ ਸੋਚ ਅਤੇ ਤਸਵੀਰ ਬੜੇ ਸਪੱਸ਼ਟ ਤਰੀਕੇ ਨਾਲ ਦਸੀ।

**ਸਵਾਮੀ ਵਾਮ ਦੇਵ** :–(ਅਖ਼ੀਰ ਤੇ ਬੋਲੇ) ਜਿਸ ਤਰ੍ਹਾਂ ਕਿ ਅਸੀਂ ਪਹਿਲਾਂ ਹੀ ਸੋਚਦੇ ਸਾਂ ਕਿ ਦੇਸ਼ ਵਿਚ ਹਿੰਸਾ ਅਤੇ ਬਦਅਮਨੀ ਦਾ ਮਾਹੌਲ ਸਿਆਸੀ ਲੋਕਾਂ ਵਲੋਂ ਕੁਰਸੀਆਂ ਤੇ ਕਾਬਜ਼ ਹੋਣ ਲਈ ਹੀ ਪੈਦਾ ਕੀਤਾ ਗਿਆ ਹੈ, ਇਹ ਬਿਲਕੁਲ ਠੀਕ ਹੈ। ਗਰੰਥੀ ਜੀ ਨਾਲ ਗੱਲਬਾਤ ਕਰਨ ਨਾਲ ਵੀ ਸਾਡੀ ਇਹ ਧਾਰਨਾ ਹੋਰ ਵੀ ਪੱਕੀ ਹੋਈ ਹੈ। ਪ੍ਰੋਫੈਸਰ ਸਾਹਿਬ ਨੇ ਜੋ ਦਲੀਲਾਂ ਦਿੱਤੀਆਂ ਹਨ, ਉਨ੍ਹਾਂ ਤੋਂ ਹੁਣ ਕੋਈ ਭੁਲੇਖਾ ਨਹੀਂ ਰਹਿ ਗਿਆ ਹੈ ਕਿ ਸਿੱਖ ਦੇਸ਼ ਦਾ ਇਕੋ ਇਕ ਮੁਖ ਦਰਵਾਜ਼ਾ 'ਭਾਰਤ' ਨਾਮ ਚਾਹੁੰਦੇ ਹਨ ਅਤੇ ਇਸ ਵਿਚ ਰਹਿ ਕੇ ਹੀ ਸੰਵਿਧਾਨ ਵਿਚ ਰਹਿੰਦਿਆਂ ਘਰ ਦੇ ਇਕ ਕਮਰੇ ਦੀ ਜ਼ਿੰਮੇਦਾਰੀ ਲੈਣ ਵਾਂਗ ਵਧੇਰੇ ਅਧਿਕਾਰ ਚਾਹੁੰਦੇ ਹਨ। ਹਿੰਸਾਤਮਕ ਕਾਰਵਾਈਆਂ ਵਿਚ ਵੀ ਸਿੱਖਾਂ ਦਾ ਕੋਈ ਭਰੋਸਾ ਨਹੀਂ ਹੈ, ਜਿਸ ਤਰ੍ਹਾਂ ਪ੍ਰੋਫੈਸਰ ਸਾਹਿਬ ਨੇ ਦਸਿਆ ਹੈ। ਹਰ ਧਰਮੀ ਅਮਨ ਚਾਹੁੰਦਾ ਹੈ। ਇਹ ਗੱਲ ਵੀ ਠੀਕ ਹੈ ਕਿ ਬੇ-ਇਨਸਾਫ਼ੀਆਂ ਤੇ ਨਿਰਦੋਸ਼ਾਂ ਦੇ ਕਤਲ ਸਰਕਾਰ ਵਲੋਂ ਵੀ ਹੋਏ ਹਨ ਤੇ ਗੁੱਸੇ ਹੋਏ ਨੌਜਵਾਨਾਂ ਵਲੋਂ ਵੀ। ਹੁਣ ਅਸੀਂ ਚਾਹੁੰਦੇ ਹਾਂ ਕਿ ਹੁਣ ਹਿੰਸਾ ਦਾ ਦੌਰ ਦੋਹਾਂ ਪਾਸਿਉਂ ਖ਼ਤਮ ਹੋਣਾ ਚਾਹੀਦਾ ਹੈ। ਇਕ ਧਿਰ ਦੀ ਸੋਚ ਹੈ ਕਿ ਪਹਿਲਾਂ ਗੁੱਸੇ ਹੋਏ ਨੌਜਵਾਨ ਹਿੰਸਾ ਬੰਦ ਕਰਨ, ਜਦ ਕਿ ਦੂਜੀ ਧਿਰ ਦਾ ਵਿਸ਼ਵਾਸ ਹੈ ਕਿ ਸਰਕਾਰ ਪੁਲਸ ਰਾਹੀਂ ਤਸ਼ੱਦਦ ਬੰਦ ਕਰੇ। ਪਰ ਮੈਂ ਚਾਹੁੰਦਾ ਹਾਂ ਕਿ ਕੋਈ ਕਿਸੇ ਅੱਗੇ ਨਾ ਝੁਕੇ। ਸਰਕਾਰ ਅਤੇ ਗੁੱਸੇ ਹੋਏ ਨੌਜਵਾਨ ਕਿਸੇ ਇਕੋ ਦਿਨ ਇਕੋ ਸਮੇਂ 'ਗੋਲੀਬੰਦੀ' ਦਾ ਐਲਾਨ ਕਰਨ ਅਤੇ ਇਕੋ ਸਮੇਂ ਨਾਲ ਹੀ ਗ੍ਰਿਫਤਾਰ ਕੀਤੇ ਗਏ ਬੇਕਸੂਰ ਸਿੱਖ ਨੌਜਵਾਨ ਰਿਹਾਅ ਕਰ ਦਿੱਤੇ ਜਾਣ, ਤਾਂ ਕਿ ਵਿਸ਼ਵਾਸ ਦਾ ਐਸਾ ਵਾਤਾਵਰਣ ਬਣੇ ਕਿ ਹਰ ਕੋਈ, ਜੋ ਇਸ ਵੇਲੇ ਇਕ ਦੂਜੇ ਤੋਂ ਅਸੁਰੱਖਿਅਤ ਮਹਿਸੂਸ ਕਰਦਾ ਹੈ, ਅਜਿਹਾ ਮਹਿਸੂਸ ਨਾ ਕਰੇ। ਇਸੇ ਤਰ੍ਹਾਂ ਹੀ ਹਿੰਸਾ ਦਾ ਦੌਰ ਖ਼ਤਮ ਹੋਵੇਗਾ ਤੇ ਅਮਨ ਦਾ ਮਾਹੌਲ ਸ਼ੁਰੂ ਹੋਵੇਗਾ।

ਪ੍ਰੋਫੈਸਰ ਸਾਹਿਬ, ਅਸੀਂ ਭਰੋਸਾ ਦਿੰਦੇ ਹਾਂ ਕਿ ਅਸੀਂ ਸਾਰੇ ਹੀ ਇਥੋਂ ਜਾ ਕੇ ਸਰਕਾਰ ਤੇ ਇਸ ਗੱਲ ਲਈ ਦਬਾਅ ਪਾਉਣ ਲਈ ਉਪਰਾਲੇ ਕਰਾਂਗੇ। ਇਸ ਬਾਰੇ ਛੇਤੀ ਹੀ ਸਾਡੇ ਵਲੋਂ ਇਕ ਕਮੇਟੀ ਬਣਾਈ ਜਾਵੇਗੀ, ਜੋ ਕਿ ਅੱਜ ਦੀ ਗੱਲਬਾਤ ਦੇ ਅਧਾਰ ਤੇ ਸਰਕਾਰ ਨੂੰ ਗੁੱਸੇ ਹੋਏ ਨੌਜਵਾਨਾਂ ਨਾਲ ਗੱਲਬਾਤ ਕਰਨ ਲਈ ਪ੍ਰੇਰਨਾ ਕਰੇਗੀ।

[ਅਜੀਤ, ੨੧, ੨੨ ਤੇ ੨੫ ਮਾਰਚ ੧੯੮੭



www.AKJ.Org

# ਘਾਟਿ ਨ ਕਿਨਹੀ ਕਹਾਇਆ (੨)

[ ਪ੍ਰੋਫੈਸਰ ਗੁਰਮੁਖ ਸਿੰਘ ਜੀ ]

**ਨੋਟ–ਇਸ ਲੜੀ ਦਾ ਪਹਿਲਾ ਲੇਖ 'ਸੂਰਾ' ਮਾਰਚ ੧੯੮੭ ਵਿਚ ਛਪਿਆ ਸੀ।**

ਪਿਛਲੇ ਲੇਖ ਵਿਚ ਬੁਧੀ-ਜੀਵੀ ਦੇ ਜੀਵਨ-ਮਨੋਰਥ ਦੀ ਵਿਆਖਿਆ ਕੀਤੀ ਗਈ ਸੀ, ਕਿ ਉਹ ਸਾਰੀ ਉਮਰ ਤਰਕਸ਼ੀਲ ਪ੍ਰਾਣੀ ਦੇ ਰੂਪ ਵਿਚ ਹੋਰ ਵਧੇਰੇ ਸੰਸਾਰੀ ਗਿਆਨ ਲਈ ਜਤਨਸ਼ੀਲ ਰਹਿੰਦਾ ਹੈ।

ਬਿਦਿਆ ਮਹਿ ਬਿਦੁਅੰਸੀ ਰਚਿਆ, ਨੈਨ ਦੇਖਿ ਸੁਖੁ ਪਾਵਹਿ ॥੩॥੧੯॥ ਪੰਨਾ ੬੧੩

ਵਿਦਿਆ-ਪ੍ਰਾਪਤੀ ਆਪਣੇ ਆਪ ਵਿਚ ਮਾੜੀ ਚੀਜ਼ ਨਹੀਂ। ਜਿਸ ਤਰ੍ਹਾਂ ਦੇ ਸੰਸਾਰ ਵਿਚ ਅਸੀਂ ਰਹਿੰਦੇ ਹਾਂ (ਅਤੇ ਗੁਰੂ ਪਾਤਸ਼ਾਹ ਨੇ ਸੰਸਾਰ ਵਿਚ ਰਹਿਣ ਦਾ ਹੁਕਮ ਭੀ ਕੀਤਾ ਹੈ,) ਉਸ ਸੰਸਾਰ ਦੇ ਗਿਆਨ-ਵਿਗਿਆਨ ਨੂੰ ਜਾਣਨਾ ਸਾਡੇ ਲਈ ਗੁਣਕਾਰੀ ਹੋ ਸਕਦਾ ਹੈ। ਸੋ ਪੜ੍ਹਨਾ ਕੋਈ ਮਾੜੀ ਗੱਲ ਨਹੀਂ, ਪਰ ਕੇਵਲ ਇਸੇ ਵਿਚ ਹੀ ਖਚਿਤ ਹੋ ਕੇ ਤੱਤ ਗੁਰਮਤਿ ਗਿਆਨ ਤੋਂ ਸਖਣੇ ਰਹਿਣਾ ਭੀ ਤਾਂ ਇਕ ਵੱਡੀ ਭੁਲ ਹੈ, ਜਿਸ ਵਲ ਸਤਿਗੁਰੂ ਜੀ ਸਾਡਾ ਧਿਆਨ ਦਿਵਾਉਂਦੇ ਹਨ:–ਪੜ੍ਹਣਾ ਗੁੜਣਾ ਸੰਸਾਰ ਕੀ ਕਾਰ ਹੈ, ਅੰਦਰਿ ਤ੍ਰਿਸਨਾ ਵਿਕਾਰੁ ॥

ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥੧॥੨੧॥ (ਸਲੋਕ ਮ: ੩–੬੫੦

ਭਾਵ–ਸੰਸਾਰੀ ਬਿਰਤੀ ਵਾਲੇ ਲੋਗ ਸੰਸਾਰੀ ਪੜ੍ਹਾਈਆਂ ਵਿਚ ਹੀ ਰੁਝੇ ਰਹਿੰਦੇ ਹਨ ਅਤੇ ਕਦੀ ਵੀ ਉਹਨਾਂ ਨੂੰ ਸੰਸਾਰ ਦੇ ਰਚਣਹਾਰ ਦਾ ਖਿਆਲ ਨਹੀਂ ਆਉਂਦਾ। ਰੂਹਾਨੀ ਮੰਡਲ ਦੇ ਮੁਰਸ਼ਦ (ਸਤਿਗੁਰੂ) ਪਾਸ ਇਹੋ ਜਿਹਾ ਬੁਧਜੀਵੀ ਆਉਂਦਾ ਹੈ ਕਿਵੇਂ ? ਇਸ ਦਾ ਨਕਸ਼ਾ ਭਾਈ ਵੀਰ ਸਿੰਘ ਜੀ ਨੇ ਇਉਂ ਚਿਤਰਿਆ ਹੈ :–

ਸਿਰ ਕਚਕੌਲ ਬਨਾ ਹੱਥ ਲੀਤਾ, ਪੜ੍ਹਿਆਂ ਦੂਾਰੇ ਫਿਰਿਆ।
ਦਰ ਦਰ ਦੇ ਟੂਕ ਮੰਗ ਮੰਗ ਪਾਏ, ਤੂਨ ਤੂਨ ਕੇ ਭਰਿਆ।
ਭਰਿਆ ਵੇਖ ਆਫਰਿਆ ਮੈਂ ਸਾਂ, ਜਾਣਾਂ ਪੰਡਿਤ ਹੋਇਆ।
ਟਿਕੇ ਨ ਪੈਰ ਜ਼ਿਮੀ ਤੇ ਮੇਰਾ, ਉਚਾ ਹੋ ਹੋ ਟੁਰਿਆ।
ਇਕ ਦਿਨ ਇਹ ਕਚਕੌਲ ਲੈ ਗਿਆ, ਮੁਰਸ਼ਦ ਮੂਹਰੇ ਧਰਿਆ।
ਜੂਠ ਜੂਠ ਕਰ ਉਸ ਉਲਟਾਇਆ, ਖ਼ਾਲੀ ਸਾਰਾ ਕਰਿਆ।
ਮਲ ਮਲ ਕੇ ਫਿਰ ਧੋਤਾ ਇਸ ਨੂੰ, ਮੈਲ ਇਲਮ ਦੀ ਲਾਹੀ।
ਵੇਖੋ ਇਹ ਕਚਕੌਲ ਲਿਸ਼ਕਿਆ, ਕੰਵਲ ਵਾਂਗ ਫਿਰ ਖਿੜਿਆ। ('ਲਹਿਰ ਹੁਲਾਰੇ' ਵਿਚੋਂ)

ਬੁਧੀਜੀਵੀ ਨੂੰ ਸਤਿਗੁਰੂ ਜੀ ਦੇ ਮਿਲਾਪ ਤੋਂ ਮਗਰੋਂ ਨਾਮ ਜਪ ਜਪ ਕੇ ਇਲਮ ਦੀ ਹਉਮੈ-ਮੈਲ ਲਾਹੁਣੀ ਪੈਂਦੀ ਹੈ ਤਾਂ ਹਿਰਦਾ-ਕਵਲ ਖਿੜਦਾ ਹੈ। ਅਜੋਕੇ ਸੰਸਾਰ ਵਿਚ ਵਿਦਿਆ ਦੇ ਪ੍ਰਸਾਰ ਸਦਕਾ ਦਿਨੋ ਦਿਨ ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਪਰ ਆਮ ਲੋਕ ਬਹੁਤੇ ਗਿਆਨ ਵਿਗਿਆਨ ਤਕ ਹੀ ਸੀਮਤ ਹਨ।

ਇਹਨਾਂ ਬੁੱਧੀਜੀਵੀਆਂ ਵਿਚੋਂ ਕੁਝ ਕੁ ਦੀ ਚੇਤਨਾ ਵਿਚ ਅਚਾਨਕ ਰੱਬੀ ਮੰਡਲ ਦੀ ਥਰ-ਕੰਬਣੀ ਦਾ ਇਕ ਤੁਣਕਾ ਵਜਦਾ ਹੈ। ਉਹ ਫਿਰ ਆਤਮਕ-ਵਿਗਾਸ ਦੀ ਪਉੜੀ ਦੇ ਪਹਿਲੇ ਡੰਡੇ ਨੂੰ ਹੱਥ ਪਾਉਂਦੇ ਹਨ। ਉਹਨਾਂ ਦੀ ਬੌਧਿਕ ਉਡਾਰੀ ਵਾਲੇ ਖੰਭ ਸੜ ਚੁਕੇ ਹੁੰਦੇ ਹਨ। ਫਿਰ ਕੁਦਰਤ ਵਲੋਂ ਉਹਨਾਂ ਨੂੰ ਸਿਦਕ ਦੇ ਨਵੇਂ ਖੰਭ ਮਿਲਦੇ ਹਨ। ਸਿਦਕ ਦੇ ਖੰਭਾਂ ਨਾਲ ਉਹ ਆਤਮਕ-ਮੰਡਲ ਨੂੰ ਸਮਝਣ ਦਾ ਜਤਨ ਕਰਨ ਲਈ ਉਡਾਰੀਆਂ ਲਾਉਂਦੇ ਹਨ। ਕਈ ਪ੍ਰਕਾਰ ਦੀ ਸਾਧਨਾ ਨਾਲ ਉਹ ਮਨ ਨੂੰ ਸਾਧਦੇ ਹਨ। ਇਹ ਜੋ ਰੱਬੀ ਤੁਣਕਾ ਵੱਜਾ ਸੀ, ਬੈਰਾਗ ਦਾ ਤੁਣਕਾ ਸੀ। ਆਮ ਤੌਰ ਤੇ ਬੁੱਧੀਜੀਵੀ ਮਾਇਕ ਪਦਾਰਥਾਂ ਵਿਚ ਮਸਤ ਰਹਿੰਦਾ ਹੈ, ਤੇ ਖਚਿਤ ਰਹਿੰਦਾ ਹੈ। ਪਰ ਜਿਨ੍ਹਾਂ ਨੇ 'ਸੀਨੇ ਵਿਚ ਖਿਚ' ਖਾਧੀ ਹੁੰਦੀ ਹੈ, ਉਹ ਆਰਾਮ ਕਰਕੇ ਨਹੀਂ ਬਹਿ ਸਕਦੇ। ਸਜੇ ਖੱਬੇ ਇਹੋ ਜਿਹੇ ਬੰਦਿਆਂ ਨੂੰ ਭਾਲਦੇ ਹਨ, ਜੋ ਇਸ ਰਾਹ ਤੋਂ ਅਗੇ ਲੰਘ ਗਏ ਹੁੰਦੇ ਹਨ। ਮਨ ਸਾਧਣ ਵਾਲੇ ਨੂੰ (ਸੰਸਾਰ ਦੇ



www.AKJ.Org

ਮਾਇਕ ਪਦਾਰਥਾਂ ਤੋਂ ਉਪਰਾਮ ਹੋਏ ਨੂੰ) ਸਿਧ ਕਿਹਾ ਜਾਂਦਾ ਹੈ। ਐਸੇ ਲੋਕਾਂ ਦੇ ਸਮੂਹ ਨੂੰ "ਸਿੱਧੀ-ਜੀਵੀ" ਦਾ ਨਾਮ ਦਿੱਤਾ ਜਾ ਸਕਦਾ ਹੈ, ਕਿਉਂਕਿ ਉਹ ਆਪਣਾ ਮਨ ਸਾਧ ਕੇ ਕੋਈ ਨਾ ਕੋਈ ਸਿੱਧੀ ਪ੍ਰਾਪਤ ਕਰਨ ਦਾ ਉਦਮ ਕਰਦੇ ਹਨ।

ਸਾਧਨਾ ਤੇ ਸਿੱਧੀ ਦੋਵੇਂ ਬਾਂਹ ਵਿਚ ਬਾਂਹ ਪਾ ਕੇ ਚਲਦੇ ਹਨ। ਨਾਮ ਅਭਿਆਸੀ ਨੂੰ ਇਸ ਪਖੋਂ ਸੁਚੇਤ ਰਹਿਣਾ ਪੈਂਦਾ ਹੈ। ਰਿਧੀਆਂ ਸਿੱਧੀਆਂ ਦਾ ਆਉਣਾ ਆਤਮਕ-ਵਿਗਾਸ ਦੇ ਪੰਧ ਉਤੇ ਦੂਜਾ ਵੱਡਾ ਮੀਲ-ਪੱਥਰ ਹੈ। ਜਿਉਂ ਜਿਉਂ ਸਾਧਨਾ ਵਧਦੀ ਜਾਂਦੀ ਹੈ, ਰੱਬੀ-ਚੇਤਨਾ ਵਿਚ ਭੀ ਵਾਧਾ ਹੁੰਦਾ ਜਾਂਦਾ ਹੈ। ਰੱਬੀ ਗਿਆਨ ਵਿਚ ਭੀ ਵਾਧਾ ਹੁੰਦਾ ਹੈ। ਸ੍ਰਿਸ਼ਟੀ-ਰਚਨਾ ਦੀ ਭੀ ਇਸ ਅੰਤਰ-ਮੁਖੀ ਉਪਜੇ ਗਿਆਨ ਰਾਹੀਂ ਹੋਲੀ ਹੋਲੀ ਸਮਝ ਪੈਂਦੀ ਤੁਰੀ ਜਾਂਦੀ ਹੈ। ਪਰ ਇਥੇ ਪੁਜ ਕੇ ਇਕ ਹੋਰ ਖੇਡ ਵਰਤਦੀ ਹੈ। ਸਿੱਧੀ-ਜੀਵੀ ਦਾ ਚੇਤਨਾ-ਪੱਧਰ ਆਮ ਬੁੱਧੀਜੀਵੀਆਂ ਨਾਲੋਂ ਕਿਤੇ ਉਚਾ ਹੁੰਦਾ ਹੈ। ਇਸ ਤੋਂ ਬਿਨਾਂ ਉਸ ਵਿਚ 'ਵਾਕ-ਸਿਧੀ' ਜਾਂ ਵਰ-ਸਰਾਪ ਦੇਣ ਦੀ ਕਲਾ ਦਾ ਕ੍ਰਿਸ਼ਮਾ ਵਰਤਦਾ ਦੇਖ ਕੇ ਆਮ ਲੁਕਾਈ ਇਹਨਾਂ ਵਲ ਖਿੱਚੀ ਜਾਂਦੀ ਹੈ। ਆਮ ਲੋਕਾਂ ਦੀ ਸੋਚ-ਪੱਧਰ ਅਤੇ ਇੱਛਾ-ਪੱਧਰ ਤੋਂ ਇਹ ਸਿੱਧ-ਸਾਧੂ ਇਤਨੇ ਕੁ ਉਚੇ ਜ਼ਰੂਰ ਹੁੰਦੇ ਹਨ ਕਿ ਉਹਨਾਂ ਦੀਆਂ ਆਮ ਸੰਸਾਰਕ ਗ੍ਰਿਹਸਤ ਦੀਆਂ ਲੋੜਾਂ ਪੂਰੀਆਂ ਕਰ ਦੇਣ ਅਤੇ ਉਹਨਾਂ ਦੇ ਦਿਲਾਂ ਦੀ ਬਾਤ ਬੁਝ ਕੇ ਉਹਨਾਂ ਦੇ ਦਿੱਲ ਜਿਤ ਲੈਂਦੇ ਹਨ। ਜੀਅ-ਦਾਨ ਦੇਣਾ ਉਹਨਾਂ ਦੇ ਵਸ ਤੋਂ ਬਾਹਰ ਦੀ ਖੇਡ ਹੈ। ਉਹ ਤਾਂ ਧੀਆਂ ਪੁਤਰ ਦੇਣ ਵਾਲੇ ਸਾਧ ਹੁੰਦੇ ਹਨ।

ਪਰ ਆਮ ਲੋਕਾਂ ਵਿਚ ਉਹਨਾਂ ਦਾ ਬੋਲ-ਬਾਲਾ ਹੁੰਦਾ ਹੈ। ਹਿੰਦੂ ਧਰਮ ਵਿਚ ਐਸੇ ਸਿਧ ਸਾਈਂ ਬਾਬੇ ਬਥੇਰੇ ਹਨ, ਜਿਨ੍ਹਾਂ ਨੇ ਥਾਂ ਥਾਂ ਆਪਣੀ ਪ੍ਰਭਤਾ ਦੇ ਅੱਡੇ ਬਣਾਏ ਹੋਏ ਹਨ। ਇਸਲਾਮ ਵਿਚ ਭੀ ਬਥੇਰੇ ਪੀਰ ਫ਼ਕੀਰ ਤੁਰੇ ਫਿਰਦੇ ਹਨ ਵਰ ਸਰਾਪ ਵੰਡਦੇ।

ਗੁਰੂ ਘਰ ਵਿਚ ਵਰ-ਸਰਾਪ ਜਾਂ ਰਿਧੀਆਂ ਸਿਧੀਆਂ ਨੂੰ ਕੋਈ ਥਾਂ ਨਹੀਂ। ਨਾ ਹੀ ਨਾਮ ਸਿਮਰਨ ਤੋਂ ਬਿਨਾਂ ਕਿਸੇ ਕਰਮ-ਕਾਂਡ, ਜਪ ਤਪ ਆਦਿ ਦੀ ਕੋਈ ਮਹਾਨਤਾ ਹੈ। ਗੁਰਵਾਕ ਹੈ—

ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੈ ॥੧॥ਰਹਾਉ॥
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥
ਆਗੈ ਚਲਣੁ ਅਉਰੁ ਹੈ ਭਾਈ, ਊਂਹਾ ਕਾਮਿ ਨ ਆਇਆ ॥੧॥ ਗਉੜੀ ਮਾਲਾ ਮ: ੫ -੨੧੬

ਅਤੇ—ਰਿਧਿ ਸਿਧਿ ਸਭੁ ਮੋਹੁ ਹੈ, ਨਾਮੁ ਨ ਵਸੈ ਮਨਿ ਆਇ ॥੧॥੧੯॥ (੫੯੩)

ਗੁਰੂ ਨਾਨਕ ਦਾ ਮਿਸ਼ਨ ਲੁਕਾਈ ਨੂੰ ਰਿਧੀਆਂ ਸਿਧੀਆਂ ਤੇ ਕਰਮ-ਕਾਂਡਾਂ ਤੋਂ ਛੁਡਾ ਕੇ ਨਾਮ-ਸਿਮਰਨ ਵਲ ਲਾਉਣਾ ਹੈ। ਗੁਰੂ ਮਹਾਰਾਜ ਪ੍ਰਾਣੀ ਮਾਤਰ ਨੂੰ ਜੀਅ-ਦਾਨ ਦੇਣ ਲਈ ਹੀ ਇਸ ਭਵ-ਸਾਗਰ ਵਿਚ ਪ੍ਰਗਟ ਹੋਏ। ਗੁਰਵਾਕ—ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥

ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥ (੭੪੯)

'ਹਰਿ ਸਿਉ ਮਿਲਾਏ ਲੈਨਿ' ਲਈ ਹੀ ਦਸ ਜਾਮਿਆਂ ਵਿਚ ਮਨੁੱਖ ਮਾਤਰ ਨੂੰ ਗੁਰ-ਸ਼ਬਦ ਦੇ ਲੜ ਲਾਇਆ ਅਤੇ ਅਖ਼ੀਰ ਸ਼ਖ਼ਸੀ ਗੁਰਤਾ ਦਾ ਸਿਲਸਿਲਾ ਖਤਮ ਕਰ ਕੇ ਫ਼ੁਰਮਾਇਆ ਕਿ ਗੁਰ ਸ਼ਬਦ ਦਾ ਨਿਵਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ।

ਸਿੱਖ ਮੱਤ ਵਿਚ ਸਤਿਗੁਰਾਂ ਨੇ ਕਾਫ਼ੀ ਚਿਰ ਪਹਿਲਾਂ ਹੀ ਸੰਕੇਤ ਦੇ ਦਿੱਤਾ ਸੀ, (ਅਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨਹੀਂ ਸੀ ਹੋਈ) ਕਿ ਇਹ ਪਾਵਨ ਬਾਣੀ ਹੀ ਗੁਰੂ ਹੈ—

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥ ੫ ॥ (ਨਟ ਮ: ੪, ਪੰਨਾ ੯੮੨)

ਇਸ ਲਈ ਦਸਵੇਂ ਜਾਮੇ ਵਿਚ ਸਤਿਗੁਰੂ ਜੀ ਨੇ ਇਸੇ ਸੇਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ-ਗੱਦੀ



www.AKJ.Org

ਦੇ ਕੇ ਧਰਮ ਦੇ ਖੇਤਰ ਵਿਚ ਇਕ ਲਾਸਾਨੀ ਖੇਡ ਵਰਤਾਈ ਹੈ। ਦੁਨੀਆ ਦੇ ਕਿਸੇ ਪੈਗੰਬਰ ਦੀ ਬਾਣੀ ਨੂੰ ਗੁਰੂ ਜਾਂ ਪੈਗੰਬਰ ਦਾ ਦਰਜਾ ਨਹੀਂ ਦਿਤਾ ਗਿਆ ਅਤੇ ਨਾ ਹੀ ਉਸ ਵਿਚ ਪੈਗੰਬਰ ਦੀ ਜੋਤਿ ਦਾ ਨਿਵਾਸ ਹੈ। ਇਹ ਇਕ ਆਤਮਕ ਕ੍ਰਿਸ਼ਮਾ ਹੈ, ਜੋ ਆਤਮ-ਮਾਰਗ ਦੇ ਪਾਂਧੀਆਂ ਤੋਂ ਬਿਨਾ ਹੋਰਨਾਂ ਬੁਧੀਜੀਵੀਆਂ ਜਾਂ ਸਿੱਧੀ-ਜੀਵੀਆਂ ਦੀ ਸਮਝ ਵਿਚ ਨਹੀਂ ਆ ਸਕਦਾ, ਜਿਵੇਂ ਸਾਇੰਸ ਤੋਂ ਅਨਜਾਣ ਨੂੰ ਐਟਮ ਜਾਂ ਇਲੈਕਟ੍ਰਾਨਿਕਸ ਦੀ ਗੱਲ ਸਮਝ ਨਹੀਂ ਆ ਸਕਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਪਰਤੱਖ ਨਿਰੰਜਨੀ ਜੋਤਿ ਹਨ, ਇਸ ਲਈ ਸਿੱਖ ਧਰਮ ਵਿਚ ਕੋਈ ਸਿੱਖ ਜੇਕਰ ਆਪ ਗੁਰੂ ਬਣਨ ਦਾ ਕੁਫ਼ਰ ਕਰਦਾ ਹੈ ਤਾਂ ਉਹ ਇੰਜ ਲਗਦਾ ਹੈ ਜਿਵੇਂ ਸੂਰਜ ਦੇ ਸਨਮੁਖ ਟਿਮਟਿਮਾਂਦਾ ਦੀਵਾ। ਜਿਹੜੇ ਅਨਜਾਣ ਲੋਗ ਇਸ ਟਿਮਣੇ ਜਿਹੇ ਨੂੰ ਗੁਰੂ ਮੰਨ ਕੇ ਆਤਮ-ਮਾਰਗ ਤੇ ਤੁਰਨਾ ਸ਼ੁਰੂ ਕਰ ਲੈਂਦੇ ਹਨ, ਉਹਨਾਂ ਦਾ ਫਿਰ ਰੱਬ ਹੀ ਰਾਖਾ ਹੈ। ਇਹੋ ਜਿਹੇ ਨਿੱਕੇ ਨਿੱਕੇ ਕਈ ਦੀਵੇ ਪੰਜਾਬ ਵਿਚ ਜਗੇ, ਉਹ ਗੁਰਬਾਣੀ ਦਾ ਆਸਰਾ ਲੈ ਕੇ, ਗੁਰਬਾਣੀ ਦੀ ਕੱਥਾ ਵਿਆਖਿਆ ਕਰਦੇ ਕਰਦੇ ਗੁਰੂ ਬਣ ਬੈਠੇ। ਅਤੇ ਡੇਰੇਦਾਰ ਬਣ ਕੇ ਗੱਦੀ ਤੋਰ ਲਈ। ਬਿਆਸ ਦਾ ਡੇਰਾ ਵੀ ਇਸੇ ਸ਼ਰੇਣੀ ਦੀ ਉਪਜ ਹੈ। ਇਸੇ ਤਰ੍ਹਾਂ ਨਕਲੀ ਨਿਰੰਕਾਰੀ (ਨਰਕਧਾਰੀ) ਆਗੂ ਬੂਟਾ ਸਿੰਘ, ਪਿਸ਼ਾਵਰ ਦੇ ਨਿਰੰਕਾਰੀ ਸਤਿਸੰਗ ਮੰਡਲ ਵਿਚ ਕਥਾ ਕਰਦਾ ਸੀ। ਉਸ ਨੂੰ ਸ਼ਰਾਬੀ ਹੋਣੋਂ ਜਦੋਂ ਸਤਿਸੰਗੀਆਂ ਨੇ ਰੋਕਿਆ ਤਾਂ ਉਸ ਨੇ ਬਜਾਏ ਸ਼ਰਾਬ ਛੱਡਣ ਦੇ ਸਤਿਸੰਗ ਛੱਡ ਕੇ ਆਪਣਾ ਨਵਾਂ "ਸਤਿਸੰਗ" ਬਣਾ ਲਿਆ, ਜਿਸ ਵਿਚ ਸ਼ਰਾਬ ਮਾਸ ਦੀ ਤੇ ਹੋਰ ਕਈ ਪ੍ਰਕਾਰ ਦੀਆਂ ਖੁਲ੍ਹਾਂ ਦੇ ਕੇ ਆਪ ਗੁਰੂ ਅਖਵਾਉਣ ਲਗ ਪਿਆ। ੧੯੨੫ ਵਿਚ ਲਗੇ ਇਸੇ ਬੂਟ ਨੇ ੧੯੭੮ ਵਿਚ ਜੋ ਕੌੜੇ ਫਲ ਦਿੱਤੇ, ਉਹਨਾਂ ਨੇ ਹੁਣ ਤਕ ਪੰਜਾਬ ਦੇ ਲੋਕਾਂ ਦਾ, ਮੂੰਹ ਦਾ ਸਵਾਦ ਕੌੜਾ ਕੀਤਾ ਹੋਇਆ ਹੈ। ਇੰਜ ਹੀ ਚੰਗੇ ਸਿਖਾਂ ਵਿਚੋਂ ਇਕ ਹੋਰ ਸ਼ਾਖ ਫੁਟੀ। ਬਾਬਾ ਰਾਮ ਸਿੰਘ ਜੀ ਉਹ ਮੋਢੀ ਸਿੱਖ ਹੋਏ ਹਨ ਜਿਨ੍ਹਾਂ ਨੇ ੧੮੫੦ ਤੋਂ ਬਾਅਦ ਢਹਿੰਦੀ-ਕਲਾ ਵਲ ਜਾਂਦੀ ਸਿਖ ਕੌਮ ਨੂੰ ਥੰਮਾ ਦੇ ਕੇ ਉਚਾ ਚੁਕਿਆ। ਉਹਨਾਂ ਨੇ ਸਿਖ ਰਹਿਤ ਮਰਯਾਦਾ ਨੂੰ ਸਹੀ ਰੂਪ ਵਿਚ ਉਜਾਗਰ ਕਰ ਕੇ ਪਰਚਾਰਨਾ ਅਰੰਭਿਆ। ਬਾਬਾ ਰਾਮ ਸਿੰਘ ਜੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਇਲਾਵਾ ਪਿੰਡੋ ਪਿੰਡ ਪੁਜ ਕੇ ਸਹਿਜ ਪਾਠ ਦੇ ਭੋਗ ਪਾਉਂਦੇ, ਕੀਰਤਨ ਸਮਾਗਮ ਕਰਦੇ ਤੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਂਦੇ ਸਨ। ਪਰ ਉਹਨਾਂ ਦੇ ਸੰਗੀ ਸਾਥੀ ਸ਼ਰਧਾਲੂ ਭੁਲੇਖੇ ਵਿਚ ਫਸ ਗਏ ਅਤੇ ਉਹਨਾਂ ਨੂੰ ਹੀ ਗਿਆਰਵਾਂ ਗੁਰੂ ਮੰਨ ਕੇ ਉਹਨਾਂ ਤੋਂ ਪਿਛੋਂ ਬਾਰ੍ਹਵੇਂ ਨੂੰ ਗੱਦੀ ਤੇ ਬਿਠਾ ਦਿਤਾ। ਫਿਰ ਉਹਨਾਂ ਦੇ ਡੇਰੇ ਗੁਰ-ਗੱਦੀ ਦੀ ਪਰੰਪਰਾ ਅਗੇ ਤੋਂ ਅਗੇ ਤੁਰ ਪਈ ਅਤੇ ਤੇਰ੍ਹਵੇਂ, ਚੌਦ੍ਹਵੇਂ ਨੰਬਰ ਤੇ ਗੁਰੂ ਬਣੇ ਤੁਰੇ ਆਉਂਦੇ ਹਨ। ਉਹਨਾਂ ਦਾ ਗੁਰੂ ਚੰਦੋਏ ਹੇਠਾਂ ਬੈਠਦਾ ਹੈ ਤੇ ਬਾਣੀ ਦਾ ਕੀਰਤਨ ਸੁਣਦਾ ਤੇ ਉਪਦੇਸ਼ ਕਰਦਾ ਹੈ। ਇਹਨਾਂ ਵਿਚ ਕੋਈ ਕਰਾਮਾਤੀ ਸ਼ਕਤੀ ਹੈ ਜਾਂ ਨਹੀਂ, ਇਹ ਤਾਂ ਸਤਿਗੁਰੂ ਜਾਣੇ, ਪਰ ਆਪੋਂ ਇੰਜ ਗੁਰੂ ਬਣ ਬੈਠਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਘੋਰ ਨਿਰਾਦਰੀ ਤੋਂ ਬਿਨਾ, ਦਸਵੇਂ ਸਤਿਗੁਰਾਂ ਦੀ ਭੀ ਨਿਰਾਦਰੀ ਦੇ ਤੁਲ ਹੈ, ਜਿਨ੍ਹਾਂ ਨੇ ਸ੍ਰੀ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਦੇ ਕੇ ਸ਼ਖ਼ਸੀ ਗੱਦੀ ਦਾ ਸਿਲਸਿਲਾ ਸਦਾ ਲਈ ਖ਼ਤਮ ਕਰ ਦਿਤਾ।

ਬਚਿਤ੍ਰ ਨਾਟਕ ਛੇਵੇਂ ਅਧਿਆਏ ਵਿਚ ਦਸਮੇਸ਼ ਸਤਿਗੁਰੂ ਜੀ ਨੇ ਸਿੱਖਾਂ ਨੂੰ ਸਾਵਧਾਨ ਤਾਂ ਕੀਤਾ ਸੀ—

ਜਿਨਿ ਜਿਨਿ ਤਨਿਕ ਸਿੱਧ ਕੋ ਪਾਯੋ ॥ ਤਿਨ ਤਿਨ ਆਪਨਾ ਰਾਹੁ ਚਲਾਯੋ ॥
ਪਰਮੇਸ਼ਰ ਨ ਕਿਨਹੂ ਪਹਿਚਾਨਾ ॥ ਮਮ ਉਚਾਰ ਤੇ ਭਯੋ ਦਿਵਾਨਾ ॥੧੯॥

ਇਸ ਲਈ ਇਹ ਕੋਈ ਅਨਹੋਣੀ ਜਾਂ ਨਵੀਂ ਗੱਲ ਨਹੀਂ। ਸਿੱਧੀ-ਜੀਵੀ ਦੀ ਇਹੋ ਫ਼ਿਤਰਤ ਹੁੰਦੀ ਹੈ ਕਿ ਉਹ ਆਪਣੀ ਸਿੱਖੀ ਸੇਵਕੀ ਤੋਰੀ ਰਖੇ। ਉਸ ਨਿੱਕੇ ਜਿਹੇ ਮੰਡਲ ਵਿਚ ਉਹ ਆਪਣੀ ਸ਼ੋਭਾ ਸੁਣਦਾ ਹੈ। ਦੇਖਣਾ ਇਹ ਹੈ ਕਿ ਸਿੱਧੀ-ਜੀਵੀ ਦਾ ਕੇਂਦਰੀ ਬਿੰਦੂ ਕੀ ਹੈ? ਕੀ ਉਹ ਆਪਣੀ ਸ਼ਖਸੀ ਪੂਜਾ ਕਰਵਾਉਂਦਾ ਹੈ? ਜਾਂ ਸਤਿਗੁਰੂ ਜਾਂ ਨਿਰੰਕਾਰ ਦੀ ਪੂਜਾ ਵਲ ਲਾਉਂਦਾ ਹੈ? ਸਤਿਗੁਰੂ ਦੀ ਪੂਜਾ ਜਾਂ ਸੇਵਾ ਕੇਵਲ ਨਾਮ ਜਪਣਾ ਹੈ। ਜਿਹਾ ਕਿ ਗੁਰ ਫੁਰਮਾਨ ਹੈ—

— ਪੂਜਾ ਕੀਚੈ ਨਾਮੁ ਧਿਆਈਐ, ਬਿਨੁ ਨਾਵੈ ਪੂਜ ਨ ਹੋਈ ॥੧॥ ਰਹਾਉ ॥ (੪੮੯)


www.AKJ.Org

ਅਤੇ– ਬਿਨੁ ਨਾਵੈ ਹੋਰ ਪੂਜ ਨ ਹੋਵੀ, ਭਰਮਿ ਭੂਲੀ ਲੋਕਾਈ ॥੭॥ (੯੧੦)

ਵਾਹਿਗੁਰੂ ਨਾਮ-ਸਿਮਰਨ ਰੂਪ ਪੂਜਾ ਛਡ ਕੇ ਜੋ ਮਨੁਖਾਂ ਦੀ ਪੂਜਾ ਵਿਚ ਉਲਝ ਜਾਂਦੇ ਹਨ, ਉਹਨਾਂ ਨੂੰ ਸਤਿਗੁਰੂ ਜੀ ਸੁਚੇਤ ਕਰਦੇ ਹਨ ਕਿ ਇਹ ਪਾਖੰਡ ਪੂਜਾ ਕਿਸੇ ਲੇਖੇ ਨਹੀਂ ਲਗਣੀ। ਗੁਰਵਾਕ ਹੈ–

ਪੂਜਾ ਕਰੈ ਸਭੁ ਲੋਕੁ ਸੰਤਹੁ, ਮਨਮੁਖਿ ਥਾਇ ਨ ਪਾਈ ॥੪॥ (੯੧੦)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਿੱਧ ਪਹਾੜਾਂ ਵਿਚ ਰਹਿੰਦੇ ਸਨ। ਪਰ ਹੁਣ ਤਾਂ ਵਾਹ ਵਾਹ ਲੈਣ ਦੇ ਅਭਿਲਾਖੀ ਸਿੱਖੜੇ ਥਾਂ ਥਾਂ ਡੇਰੇ ਲਾਈ ਬੈਠੇ ਦਿੱਸਦੇ ਹਨ। ਜ਼ਾਹਰਾ ਤੌਰ ਤੇ ਨਾਮ ਭੀ ਜਪਾਂਦੇ ਹਨ ਅਤੇ ਆਪਣੀ ਪੂਜਾ ਭੀ ਕਰਵਾਉਂਦੇ ਹਨ। ਇਹਨਾਂ ਸੰਤਾਂ ਨੇ ਲੋਕਾਂ ਦੀ ਸਹੂਲਤ ਲਈ ਗੁਰੂ-ਦੁਆਰੇ ਨਹੀਂ ਬਣਾਏ,ਸਗੋਂ ਡੇਰੇ ਕਾਇਮ ਕੀਤੇ ਹੋਏ ਹਨ। ਇਹਨਾਂ ਡੇਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਹੁੰਦੇ ਹਨ,ਪਰ ਕੇਂਦਰੀ ਬਿੰਦੂ ਤਾਂ ਸੰਤ ਆਪ ਹੁੰਦਾ ਹੈ, ਡੇਰੇ ਦਾ 'ਸੰਤ'। ਉਨ੍ਹਾਂ ਡੇਰਿਆਂ ਵਿਚ ਸੁੰਦਰ ਤੇ ਸਜੀਲੇ ਹਾਲਾਂ ਵਿਚ ਸੰਤਾਂ ਦੀਆਂ ਕਈਆਂ ਪੋਜ਼ਾਂ ਵਿਚ ਫੋਟੋਆਂ ਸਸ਼ੋਭਤ ਹੁੰਦੀਆਂ ਹਨ, ਕਿਤੇ ਸੰਤਾਂ ਦੇ ਤਪ-ਅਸਥਾਨ ਦਰਸਾਉਣ ਲਈ ਭੋਰਾ ਸਾਹਿਬ ਬਣੇ ਹੁੰਦੇ ਹਨ। ਕਿਤੇ ਉਨ੍ਹਾਂ ਦੇ ਜੋੜੇ ਵੀ ਪੂਜੇ ਜਾ ਰਹੇ ਹੁੰਦੇ ਹਨ। ਇਹ ਸਭ ਕੁਝ ਸੰਗਤਾਂ ਦੀ ਸ਼ਰਧਾ ਦਾ ਕੇਂਦਰੀ ਬਿੰਦੂ ਬਣੇ ਹੋਏ ਹਨ। ਆਮ ਲੋਕ ਸ਼ਬਦ-ਗੁਰੂ ਦੇ ਦਰਸ਼ਨਾਂ ਲਈ ਨਹੀਂ ਆਉਂਦੇ ਕਿਉਂਕਿ ਸ਼ਬਦ-ਗੁਰੂ ਤਾਂ ਅੱਜ ਦੇ ਜ਼ਮਾਨੇ ਵਿਚ ਨਗਰ ਨਗਰ, ਪਿੰਡੋ ਪਿੰਡ ਅਤੇ ਘਰੋ ਘਰੀ ਪ੍ਰਕ ਸ਼ਮਾਨ ਕੀਤੇ ਹੋਏ ਹੁੰਦੇ ਹਨ, ਪਰ ਸ਼ਬਦ-ਗੁਰੂ ਦੀ ਸਿਖ ਮਾਤਰ ਨੂੰ ਸੋਝੀ ਨਹੀਂ ਕਰਾਈ ਜਾਂਦੀ, ਇਸ ਕਰਕੇ ਲੁਕਾਈ ਸ਼ਬਦ-ਗੁਰੂ ਤੋਂ ਘੁਥੀ ਫਿਰਦੀ ਹੈ। ਲੋਕੀਂ ਤਾਂ ਦੇਹਧਾਰੀ ਸੰਤਾਂ ਦੇ ਦਰਸ਼ਨ ਕਰਨ ਆਉਂਦੇ ਹਨ, ਉਹਨਾਂ ਦੇ ਹੀ ਚਰਨ ਪਰਸਨ ਲਈ ਆਉਂਦੇ ਹਨ। ਉਹ ਭੀ ਇਹੋ ਲੋਚਦੇ ਹਨ ਕਿ ਸੰਤ ਜੀ ਮਹਾਰਾਜ ਕਿਵੇਂ ਨ ਕਿਵੇਂ ਆਪਣਾ ਜਪਿਆ ਜਪਾਇਆ ਨਾਮ ਉਹਨਾਂ ਦੇ ਅੰਦਰ ਘੋਲ ਕੇ ਪਾ ਦੇਣ (ਚਾਹੇ ਚਰਨ-ਛੋਹ ਰਾਹੀਂ ਜਾਂ ਨੇਤਰਾਂ ਵਿਚ ਨੇਤਰ ਪਾ ਕੇ ਕੋਈ ਕ੍ਰਿਸ਼ਮਾ ਦਿਖਾ ਦੇਣ)।

ਉਪਰੋਕਤ ਸੰਤਗੀਰੀ ਨੂੰ ਗੁਰਬਾਣੀ ਦੀਆਂ ਕਦਰਾਂ-ਕੀਮਤਾਂ ਅਨੁਸਾਰ ਜੇ ਨਾਪਿਆ ਤੋਲਿਆ ਜਾਏ ਤਾਂ ਸਪਸ਼ਟ ਹੁੰਦਾ ਹੈ ਕਿ ਸੱਚਾ ਸੰਤ ਕੇਵਲ ਨਾਮ ਹੀ ਜਪਾਉਂਦਾ ਹੈ। ਉਹ ਆਪ ਕੇਂਦਰੀ ਬਿੰਦੂ ਨਹੀਂ ਬਣਦਾ, ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਸਾਰੀ ਵਡਿਆਈ ਦਿੰਦਾ ਹੈ।

ਕਬੀਰ ਸੇਵਾ ਕਉ ਦੁਇ ਭਲੇ, ਏਕੁ ਸੰਤੁ ਇਕੁ ਰਾਮੁ ॥
ਰਾਮੁ ਜੁ ਦਾਤਾ ਮੁਕਤਿ ਕੋ, ਸੰਤੁ ਜਪਾਵੈ ਨਾਮੁ ॥੧੬੪॥ (੧੩੭੪)

ਆਤਮਕ ਵਿਗਾਸ ਦੇ ਦੂਜੇ ਪੜਾਅ ਤੋਂ ਟਾਵੇਂ ਟਾਵੇਂ "ਸੰਤ ਜਨ" ਤੀਜੇ ਪੜਾਅ ਵਲ ਉਦੋਂ ਹੀ ਵਧਦੇ ਹਨ ਜਦੋਂ ਉਹ ਲੋਕਾਂ ਦੀ ਫੋਕੀ ਵਾਹ ਵਾਹ ਤੋਂ ਆਪਣੇ ਮਨ ਦੇ ਦਰਵਾਜ਼ੇ ਬੰਦ ਕਰ ਲੈਂਦੇ ਹਨ ਤੇ ਅੰਤਰਮੁਖੀ ਹੋ ਕੇ ਕੇਵਲ ਨਾਮ-ਰਸ ਦੇ ਅਭਿਲਾਖੀ ਬਣਦੇ ਹਨ। ਬੁਧੀ-ਜੀਵੀ ਵਿਚ ਵੈਰਾਗ ਨਹੀਂ ਹੁੰਦਾ ਅਤੇ ਸਿੱਧੀ-ਜੀਵੀ, ਸਾਧੂ ਜਦੋਂ ਵਾਹ ਵਾਹ ਲੈਣ ਵਿਚ ਪੈ ਜਾਂਦੇ ਹਨ ਤਾਂ ਉਨ੍ਹਾਂ ਦਾ ਬੈਰਾਗ ਉਨ੍ਹਾਂ ਦੇ ਸ਼ਰਧਾਲੂ ਲੁਟ ਕੇ ਲੈ ਜਾਂਦੇ ਹਨ। ਹੁਣ ਉਹ ਖ਼ਾਲੀ ਖਾਲੀ, ਪ੍ਰੇਮ ਰਸ ਅਤੇ ਬੈਰਾਗ ਤੋਂ ਸੱਖਣੇ ਜਿਹੇ ਹੋ ਕੇ ਆਪਣੇ ਡੇਰਿਆਂ ਵਿਚ ਗੱਦੀਆਂ ਲਾਈ ਬੈਠੇ ਹੁੰਦੇ ਹਨ। ਇਕ ਵਾਰੀ ਦੁਕਾਨਦਾਰੀ ਚਲਾਉਣ ਲਈ ਮਿਹਨਤ ਤਾਂ ਜ਼ਰੂਰ ਕਰਨੀ ਪੈਂਦੀ ਹੈ, ਫਿਰ ਤੇ ਮੌਜਾਂ ਹੀ ਮੌਜਾਂ। ਫਿਰ ਤਾਂ ਦੁਕਾਨ ਦਾ ਚੰਗਾ ਨਾਮ ਹੀ ਚਲਦਾ ਹੈ।

ਇਉਂ ਸਿੱਧੀ-ਜੀਵੀ ਸੰਤ, ਸਾਧ ਵੀ ਬਣਿਆ ਰਹਿੰਦਾ ਹੈ ਤੇ ਕੇਵਲ ਧਰਮ ਦੇ ਖੇਤਰ ਵਿਚ ਬੁੱਧੀ-ਜੀਵੀ ਵੀ। ਗੁਰਮਤਿ ਸਿੱਧ ਬਣ ਕੇ ਬਹਿਣ ਤੋਂ ਵਰਜਦੀ ਹੈ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ, ਪੰਚਮ ਸਤਿਗੁਰੂ ਜੀ ਤਕ ਜੋ ਗੁਰਮੱਤੀ ਕਦਰਾਂ ਕੀਮਤਾਂ ਦੇ ਮਿਆਰ ਬੰਨ੍ਹੇ ਗਏ, ਉਹਨਾਂ ਦਾ ਉਲੇਖ ਕਰਦੇ ਹੋਏ ਲਿਖਦੇ ਹਨ :–

ਗੁਰਸਿਖੀ ਦਾ ਰਾਹੁ ਇਹ, ਗੁਰਮੁਖਿ ਚਾਲ ਚਲੈ ਸੋ ਦੇਖੈ ॥
ਘਾਲਿ ਖਾਇ, ਸੇਵਾ ਕਰੈ, ਗੁਰ ਉਪਦੇਸੁ, ਅਵੇਸੁ ਵਿਸੇਖੈ ॥
ਆਪੁ ਗਣਾਇ ਨ ਅਪੜੈ, ਆਪੁ ਗਵਾਇ ਰੂਪ ਨ ਰੇਖੈ ॥
ਮੁਰਦੇ ਵਾਂਗ ਮੁਰੀਦ ਹੋਇ, ਗੁਰ ਗੋਰੀ ਵੜਿ ਅਲਖ ਅਲੇਖੈ ॥ (ਵਾਰ ੨੮–੬)

www.AKJ.Org

# ਗੁਰਦਵਾਰਾ ਸ਼ਹੀਦਗੰਜ (੧੯੭੮) ਦੀ ਕਾਰ-ਸੇਵਾ

ਵੈਸਾਖੀ ੧੯੭੮ ਨੂੰ ਨਕਲੀ ਨਿਰੰਕਾਰੀਆਂ ਦਾ ਵਿਰੋਧ ਕਰਦਿਆਂ, ਭਾਈ ਫੌਜਾ ਸਿੰਘ ਜੀ, ਭਾਈ ਰਣਧੀਰ ਸਿੰਘ ਜੀ ਫੌਜੀ ਅਤੇ ਹੋਰ ੧੧ ਸਿੰਘ ਸ਼ਹੀਦੀਆਂ ਪਾ ਗਏ। ਇਨ੍ਹਾਂ ਸੂਰਬੀਰ ਸਿੰਘਾਂ ਦੀ ਅਦੁੱਤੀ ਕੁਰਬਾਨੀ ਦੀ ਪੱਕੀ ਯਾਦਗਾਰ ਕਾਇਮ ਕਰਨ ਹਿੱਤ ਗੁਰਦੁਆਰਾ ਸ਼ਹੀਦ ਗੰਜ, ਨੇੜੇ ਬੀ ਬਲਾਕ ਕੁਆਰਟਰਜ਼ ਦੀ ਕਾਰ-ਸੇਵਾ ੧੯੭੮ ਦੇ ਜ਼ਖਮੀ ਸਿੰਘਾਂ ਵਲੋਂ ਕਾਇਮ ਕੀਤੀ 'ਪੰਜ ਮੈਂਬਰੀ ਕਮੇਟੀ ਕਾਰ-ਸੇਵਾ' ਦੀ ਦੇਖ-ਰੇਖ ਵਿਚ **ਬਾਬਾ ਜਗਤਾਰ ਸਿੰਘ ਜੀ ਤਰਨ ਤਾਰਨ ਸਾਹਿਬ ਵਾਲੇ** ਕਰਵਾ ਰਹੇ ਹਨ। ਜੇ ਕਿਸੇ ਵੀਰ ਭੈਣ ਨੇ ਸੇਵਾ ਵਿਚ ਹੱਥ ਵਟਾਣਾ ਹੋਵੇ ਤਾਂ ਰਕਮ ਨਕਦ, ਚੈਕ, ਡਰਾਫਟ ਜਾਂ ਮਨੀਆਰਡਰ ਰਾਹੀਂ ਹੇਠ ਲਿਖੇ ਪਤ ਤੇ ਭੇਜੀ ਜਾਵੇ ਜੀ :-

ਪੰਜ ਮੈਂਬਰ ਕਮੇਟੀ ਕਾਰ-ਸੇਵਾ ਗੁਰਦੁਆਰਾ ਸ਼ਹੀਦ ਗੰਜ, ਨੇੜੇ ਬੀ ਬਲਾਕ ਕੁਆਰਟਰਜ਼, ਸ੍ਰੀ ਅੰਮ੍ਰਿਤਸਰ

# ਡਾਬਰ ਦੇ ਲਾਲ ਦੰਦ ਮੰਜਨ ਵਿਚ ਤੰਬਾਕੂ

ਡਾਬਰ ਕੰਪਨੀ ਵਲੋਂ ਬਣਾਏ ਜਾਂਦੇ 'ਲਾਲ ਦੰਦ-ਮੰਜਨ' ਵਿਚ 7 ਫ਼ੀ ਸਦੀ ਤੋਂ ਵਧ ਤੰਬਾਕੂ ਪੈਂਦਾ ਹੈ। ਇਸ ਮੰਜਨ ਦੀ ਡੱਬੀ ਉੱਪਰ ਅੰਕਿਤ ਫ਼ਾਰਮੂਲੇ ਵਿਚ ਹੋਰ ਦੇਸੀ ਦਵਾਈਆਂ ਦੇ ਨਾਲ ਤੰਬਾਕੂ ਦਾ ਵੀ ਜ਼ਿਕਰ ਹੈ। ਜਿਹੜੇ ਸਿੰਘ ਅਗਿਆਨਤਾ-ਵਸ ਇਹ ਮੰਜਨ ਵਰਤ ਰਹੇ ਹਨ, ਉਨ੍ਹਾਂ ਦੇ ਗਿਆਤ ਲਈ ਤੇ ਪੰਜਾਂ ਦੇ ਪੇਸ਼ ਹੋ ਕੇ ਸੁਧਾਈ ਕਰਵਾਉਣ ਲਈ ਇਹ ਸੂਚਨਾ ਦਿੱਤੀ ਜਾ ਰਹੀ ਹੈ।

# ਕੇਸ ਗੁਰੂ ਕੀ ਮੋਹਰ ਹਨ

੧. ਸਿਖ ਦੀ ਮੁਖ ਰਹਿਤ ਕੇਸ ਹਨ।
੨. ਕੇਸਾਂ ਤੋਂ ਬਿਨਾਂ ਕੋਈ ਸਿਖ ਨਹੀਂ ਹੋ ਸਕਦਾ।
੩. ਕੇਸਾਂ ਦਾ ਸਤਿਕਾਰ ਕਰਨਾ ਗੁਰੂ ਕੇ ਸਿਖ ਦਾ ਲਾਜ਼ਮੀ ਫ਼ਰਜ਼ ਹੈ।
੪. ਕੇਸਾਂ ਦੀ ਸਾਂਭ-ਸੰਭਾਲ ਲਈ ਦੋ ਕਕਾਰ ਬਖਸ਼ੇ ਗਏ—ਕੰਘਾ ਸਫ਼ਾਈ ਲਈ ਅਤੇ ਛੋਟੀ ਦਸਤਾਰ ਮਿੱਟੀ ਘਟੇ ਤੋਂ ਬਚਣ ਲਈ।
੫. ਕੇਸਾਂ ਨੂੰ ਸਦਾ ਢਕੇ ਰਖਣ ਦਾ, ਗੁਰੂ ਕਾ ਹੁਕਮ ਹੈ।
੬. ਨੰਗੇ ਸਿਰ ਫਿਰਨਾ, ਨੰਗੇ ਸਿਰ ਭੋਜਨ ਛਕਣਾ ਆਦਿ ਵਿਵਰਜਿਤ ਹੈ।
੭. ਰਹਿਤ ਸਿੰਘਾਂ ਤੇ ਸਿੰਘਣੀਆਂ ਦੋਹਾਂ ਲਈ ਇਕੋ ਜਿਹੀ ਹੈ। ਜੇ ਸਿੰਘ ਲਈ ਨੰਗੇ ਸਿਰ ਬਜ਼ਾਰਾਂ ਤੇ ਘਰਾਂ ਵਿਚ ਵਿਚਰਨਾ ਮਨ੍ਹਾ ਹੈ ਤਾਂ ਸਿਖ ਇਸਤ੍ਰੀਆਂ ਲਈ ਵੀ ਨੰਗੇ ਸਿਰ ਵਿਚਰਨਾ ਗੁਰੂ ਤੋਂ ਬੇਮੁਖ ਹੋਣਾ ਹੈ।
੮. ਛੋਟੇ ਬੱਚੇ ਅਤੇ ਵੱਡਿਆਂ ਸਭ ਲਈ ਪੂਰੇ ਕੇਸ ਢਕਣੇ ਜ਼ਰੂਰੀ ਹਨ, ਕੇਵਲ ਜੂੜੇ ਤੇ ਰੁਮਾਲੀ ਜਿਹੀ ਬੰਨ੍ਹਣੀ ਗੁਰਸਿਖੀ ਨਹੀਂ।
੯. ਟੋਪੀ ਵਾਂਗ ਬਣੀਆਂ ਪੱਗਾਂ ਸਿਖ ਬੱਚਿਆਂ ਨੂੰ ਪਹਿਨਾਉਣੀਆਂ ਭਾਰੀ ਭੁਲ ਹੈ। ਟੋਪੀ ਪਹਿਨਣ ਵਾਲਾ ਸਿਖ ਤਨਖਾਹੀਆ ਹੈ।

# ਜੋਤਿ ਵਿਗਾਸ

ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਮਹਾਂ-ਕਾਵਿ 'ਜੋਤਿ ਵਿਗਾਸ' ਪੁਸਤਕ ਛਪ ਗਈ ਹੈ। ਇਹ ਪੁਸਤਕ ਹਜ਼ਾਰੀ ਬਾਗ ਜੇਲ੍ਹ ਵਿਚ ਲਗਾਤਾਰ ਸਤ ਦਿਨ ਤੇ ਸਤ ਰਾਤਾਂ ਭਾਈ ਸਾਹਿਬ ਇਲਾਹੀ ਰੰਗਾਂ ਵਿਚ ਆ-ਮੁਹਾਰੀ ਉਤਰ ਰਹੀ ਕਵਿਤਾ ਦੇ ਵੇਗ ਵਿਚ ਲਿਖੀ ਤੁਰੇ ਗਏ। ਇਸ ਪੁਸਤਕ ਵਿਚ ਰੂਹਾਨੀਅਤ ਦੇ ਵਖੋ ਵਖ ਚਮਤਕਾਰਾਂ ਦਾ ਬਿਆਨ ਪ੍ਰੇਮ-ਵਲਵਲੇ ਦੇ ਉਠਾਉ ਤੇ ਲਹਿਰਾਉ ਵਿਚ ਲੜੀ-ਬਝਵਾਂ ਚਲ ਰਿਹਾ ਹੈ। ਪੁਸਤਕ ਕੀ ਹੈ, ਗੁਰਮਤਿ ਵਿਆਖਿਆ ਦੀ ਅਧਿਭੁਤ ਛੰਦਾਵਲੀ ਹੈ, ਜਿਸ ਵਿਚ ਗੁਰਮਤਿ ਨਾਮ ਸਿਮਰਨ ਤੇ ਗੁਰਮਤਿ ਰਹਿਤ ਮਰਯਾਦਾ ਦਾ ਨਿਰਣਾ ਆ ਜਾਂਦਾ ਹੈ। ਕਾਗਜ਼ ਵਧੀਆ, ਦੋ ਰੰਗੀ ਛਪਾਈ, ਰੈਕਸੀਅਨ ਦੀ ਜਿਲਦ, ਭੇਟਾ 17-50

www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਸਿਖ ਸੰਗਤਾਂ ਵਲੋਂ ਗੁਰਸਿਖ ਪੀੜਤ ਪਰਵਾਰਾਂ ਲਈ ਮਾਇਆ ਮਾਰਚ-ਅਪ੍ਰੈਲ ਵਿਚ ਹੇਠ ਲਿਖੇ ਅਨੁਸਾਰ ਪੁਜੀ ਹੈ—

| | |
|---|---|
| ਸੰਗਤ ਪਟਨਾ ਸਾਹਿਬ | ੨੦੦-੦੦ |
| ਸ: ਹਰਜਿੰਦਰ ਸਿੰਘ ਡੀਂਗਰੀਆਂ (ਜਲੰਧਰ) | ੨੦-੦੦ |
| ਸ: ਮਨਜੀਤ ਸਿੰਘ, ਸੁਮਰਾਸਰ, ਭੁਜ (ਕਛ) | ੧੦੦-੦੦ |
| Svyr ਹਰਜਿੰਦਰ ਸਿੰਘ, ਟੰਬਾਰਾਮ | ੧੫੦-੦੦ |
| ਗੁਪਤ, ਲਖਨਊ | ੧੧੦੦-੦੦ |
| ਸ: ਜੋਗਿੰਦਰ ਸਿੰਘ S/O ਸ: ਸੋਹਣ ਸਿੰਘ Asr. | ੨੨੦-੩੫ |
| ਭਾ: ਪਰਮਜੋਤ ਸਿੰਘ, ਅਜੀਤ ਨਗਰ, ਅੰਮ੍ਰਿਤਸਰ | ੭੬-੬੫ |
| ਸ: ਸੰਤੋਖ ਸਿੰਘ, ਮਾਲਟਨ, ਕੈਨੇਡਾ | ੯੧੮-੦੦ |
| ਸ: ਦਲਜੀਤ ਸਿੰਘ ਦਿਉਲ, ਆਰਲਿੰਗਟਨ ਯੂ.ਕੇ. | ੯੦੦-੦੦ |
| ਸ: ਇਕਬਾਲ ਸਿੰਘ ਗਿਲ ਵੈਨਕੋਵਰ ਕੈਨੇਡਾ | ੩੭੬੪-੦੦ |
| ਬੀਬੀ ਨਵਜੋਤ ਕੌਰ, ਲਾਟੀਆਂ (ਜਲੰਧਰ) | ੧੦੦-੦੦ |
| ਸ: ਰਾਜਿੰਦਰ ਸਿੰਘ, ਪਦਮਪੁਰ | ੧੦੦-੦੦ |
| ਭਾਈ ਸਾਧੂ ਸਿੰਘ ਬਹਿਬਲਪੁਰ (ਹੁਸ਼ਿਆਰਪੁਰ) | ੨੫-੦੦ |
| ਗੁਪਤ | ੪੦੦-੦੦ |
| ਬੀ. ਐਸ ਗਿਲ, ਡਰਬੀ ਯੂ. ਕੇ. | ੧੦੦-੦੦ |
| ਸਿੰਘਣੀ ਸ਼ਹੀਦ ਇਕਬਾਲ ਸਿੰਘ ਜੀ ਦਿਲੀ | ੧੦੦-੦੦ |
| ਭਾ: ਪ੍ਰੀਤਮ ਸਿੰਘ ਲਖਨਊ ਸਿੰਘਣੀ ਦੀ ਯਾਦ ਵਿਚ | ੧੭੭-੦੦ |
| ਗੁਪਤ, ਜੋਧਪੁਰ | ੨੦੦-੦੦ |
| ਡਾ: ਗਜਿੰਦਰ ਸਿੰਘ ਅਜੀਤ ਨਗਰ ਅੰਮ੍ਰਿਤਸਰ (ਕਾਕੇ ਦੇ ਜਨਮ-ਸਮਾਗਮ ਸਮੇਂ) | ੫੪੩-੦੦ |
| ਸ: ਪ੍ਰਦੰਮਨ ਸਿੰਘ ਜਲੰਧਰ (ਗੁਰੂ ਕੀ ਗੋਲਕ) | ੧੦੦-੦੦ |
| ਸ: ਹਰਜੀਤ ਸਿੰਘ ਦਿਲੀ (ਪਿਤਾ ਜੀ ਨਮਿਤ) | ੧੩੦-੦੦ |
| ਸ: ਹਰਭਜਨ ਸਿੰਘ, ਬੰਬਈ | ੨੧-੦੦ |
| ਸੰਗਤ ਸ੍ਰੀ ਦਸਮੇਸ਼ ਗੁਰਦਵਾਰਾ ਸਾਹਿਬ ਕੋਲਨ (ਪਛਮੀ ਜਰਮਨੀ) | ੨੦੦੦-੦੦ |
| ਸ: ਪਰਤਾਪ ਸਿੰਘ, ਦਿੱਲੀ | ੧੫੦-੦੦ |
| ਸ: ਸਾਧੂ ਸਿੰਘ, ਵਰਨਨ (ਕੈਨੇਡਾ) | ੧੫੦੦-੦੦ |
| ਐਚ. ਐਸ. ਤੇਜਾ, ਵੈਨਕੋਵਰ (ਕੈਨੇਡਾ) | ੨੦੦੦-੦੦ |
| ਭਾਈ ਅਜੀਤ ਸਿੰਘ, ਡਰਬੀ ਯੂ. ਕੇ. | ੧੦੦-੦੦ |
| ਸ: ਦਿਆਲ ਸਿੰਘ, ਸਾਊਥਹਾਲ ਯੂ. ਕੇ. | ੪੬੦-੫੦ |
| ਸ: ਸਤਨਾਮ ਸਿੰਘ, Kreuzau (ਵੈਸਟ ਜਰਮਨੀ) | ੩੬੦੨-੦੦ |
| ਬੀ: ਰਾਜਬੰਸ ਕੌਰ ਕੁਲਵਿੰਦਰ ਕੌਰ, ਸਾਊਥਹ ਲ | ੯੭੨-੫੦ |
| ਗੁਰਦਵਾਰਾ ਗੁਰੂ ਅਰਜਨ ਦੇਵ ਜੀ ਡਰਬੀ ਯੂ. ਕੇ. (ਰੈਣ ਸਬਾਈ ਕੀਰਤਨ ਸਮੇਂ) | ੨੫੬੫-੦੦ |
| ਭਾਈ ਪ੍ਰਿਥੀਪਾਲ ਸਿੰਘ Macclesfield ਯੂ.ਕੇ. | ੬੦੦-੦੦ |
| ਸ: ਕੁਲਵੰਤ ਸਿੰਘ, ਨੋਟਿੰਗਮ ਯੂ. ਕੇ. | ੧੯੦੦-੦੦ |
| ਸ: ਹਰਭਜਨ ਸਿੰਘ ਨਕੁਰੂ (ਕੈਨੇਆ) | ੪੧੫-੦੦ |
| ਸਾਧ ਸੰਗਤ ਸਾਊਥਹਾਲ (ਕੀਰਤਨ ਭੇਟ) | ੨੮੬੪-੨੫ |
| ਸੰਗਤ, ਗੁ: ਗੁਰੂ ਗੋਬਿੰਦ ਸਿੰਘ, ਬ੍ਰੈਡਫੋਰਡ ਯੂ.ਕੇ. | ੧੭੧-੦੦ |
| ਬੀ: ਸੁਰਜੀਤ ਕੌਰ ਧਾਮੀ, ਲਿਊਟਨ ਯੂ. ਕੇ. | ੧੯੦-੦੦ |
| ਸ: ਨਿਰਮਲ ਸਿੰਘ ਗਰੇਵਾਲ, ਸਲੋਅ ਯੂ. ਕੇ. | ੯੫੦-੦੦ |
| ਬੀਬੀ ਸਵਰਨ ਕੌਰ, ਸਲੋਅ ਯੂ. ਕੇ | ੧੧੪-੦੦ |
| ਸੰਗਤ ਗੁ: ਗੁਰੂ ਨਾਨਕ, ਲਾਇਸੈਸਟਰ ਯੂ. ਕੇ. | ੨੫੮੪-੦੦ |
| ਸ: ਸਾਧੂ ਸਿੰਘ, ਵਰਨਨ, ਕੈਨੇਡਾ | ੫੫੦੦-੦੦ |
| ਸ: ਸਵਰਨ ਸਿੰਘ ਸਿਧਵਾਂ ਦੋਨਾ (ਕਪੂਰਥਲਾ) | ੧੫੦-੦੦ |
| ਅਖੰਡ ਕੀਰਤਨੀ ਜਥਾ, ਆਗਰਾ | ੫੭੧-੦੦ |
| ਸ: ਹਰਿੰਦਰਪਾਲ ਸਿੰਘ, ਦਿੱਲੀ | ੧੦੦-੦੦ |
| ਸ: ਹਰਭਜਨ ਸਿੰਘ, ਨਵੀਂ ਦਿਲੀ | ੨੫੦-੦੦ |
| ਗੁਪਤ, ਅੰਮ੍ਰਿਤਸਰ | ੧੫੦੦-੦੦ |
| ਗੁਪਤ | ੫੦-੦੦ |
| ਸ: ਅਤਰ ਸਿੰਘ ਨਵੀਂ ਦਿੱਲੀ | ੧੫੦੦-੦੦ |
| ਬੀਬੀ ਦਰਸ਼ਨ ਕੌਰ, ਸਲੋਅ ਯੂ ਕੇ. | ੯੨-੦੦ |
| ਸੰਗਤ ਗੁ: ਗੁਰੂ ਨਾਨਕਸਰ, ਪਲੇਕ, ਵਾਲਸਾਲ | ੧੯੩੨-੦੦ |
| ਸੰਗਤ ਗੁ: ਸਿਖ ਐਸੋਸੀਏਸ਼ਨ, ਮਾਨਚੈਸਟਰ ਯੂ.ਕੇ. | ੩੫੧੪-੪੦ |
| ਭਾਈ ਬਖਸ਼ੀਸ਼ ਸਿੰਘ, ਬਰਮਿੰਘਮ ਯੂ. ਕੇ. | ੧੫੬੪-੦੦ |
| ਬੀਬੀ ਸਵਰਨ ਕੌਰ, ਸਾਊਥਹਾਲ ਯੂ ਕੇ. | ੫੭੦-੪੦ |
| ਸੰਗਤ, ਗੁ: ਨਾਨਕ ਸਤਿਸੰਗ ਸਭਾ, ਮੈਡਨਹੈਡ ਯੂ.ਕੇ. | ੧੦੧੨-੦੦ |
| ਭਾਈ ਸੰਤੋਖ ਸਿੰਘ, ਮੋਹਾਲੀ | ੧੦੧-੦੦ |
| ਭਾਈ ਹਰਚਰਨ ਸਿੰਘ, ਮੁਕਤਸਰ | ੧੦੧-੦੦ |
| ਭਾਈ ਲਾਭ ਸਿੰਘ ਮਥਰਾ ਵਾਲੇ | ੨੧-੦੦ |
| ਭਾਈ ਹਰੀ ਸਿੰਘ ਜੀ ਸ਼ਹੀਦ ਦਾ ਪਰਵਾਰ | ੨੦੦-੦੦ |
| ਭਾਈ ਸੁਖਦੀਪ ਸਿੰਘ ਖਾਲਸਾ, ਮੋਹਾਲੀ | ੯੦-੦੦ |
| ਭਾਈ ਹਰਮਿੰਦਰ ਸਿੰਘ | ੫੭-੦੦ |
| ਸ: ਪ੍ਰਿਤਪਾਲ ਸਿੰਘ, ਆਦਮਪੁਰ (ਜਲੰਧਰ) | ੫੦-੦੦ |
| ਗੁਪਤ | ੧੦੧-੦੦ |
| ਸ: ਮਹਿੰਦਰ ਸਿੰਘ, ਨਵੀਂ ਦਿੱਲੀ—੧੯ | ੧੦੦-੦੦ |
| ਭਾ: ਦਲਜੀਤ ਸਿੰਘ ਕਾਨਪੁਰ (ਮਾਤਾ ਦੇ ਅੰਤ ਸਮੇਂ) | ੫੧-੦੦ |
| ਸ: ਹਰਦੇਵ ਸਿੰਘ ਸਿਧੂ ਜੇਮਜ਼ (ਕੈਨੇਡਾ) (ਸੂਰਾ ਲਾਈਫ ਮੈਂਬਰ ਵਲੋਂ) | ੯੦੦-੦੦ |
| ਸ: ਜਗਮੋਹਣ ਸਿੰਘ ਬਠਿੰਡਾ (ਪਹਿਲੀ ਤਨਖਾਹ ਚੋਂ) | ੩੦੧-੦੦ |
| ਸ: ਅਰਜਨ ਸਿੰਘ, ਖੇੜਾ ਫੌਜਾ ਸਿੰਘ (ਜਲੰਧਰ) | ੧੦੦੦-੦੦ |
| ਬੀਬੀ ਭਜਨ ਕੌਰ ਸੁਪਤਨੀ ਸ: ਦਰਸ਼ਨ ਸਿੰਘ | ੮੦੦-੦੦ |
| ਪੂਰਨ ਜੀ, ਬੀ: ਭੁਪਿੰਦਰ ਕੌਰ (ਬਚਿਆਂ ਦੇ ਭੋਗ ਤੇ) | ੫੨੭-੫੫ |
| ਸ: ਅਮਰੀਕ ਸਿੰਘ, ਨਾਰੰਗਵਾਲ (ਲੁਧਿਆਣਾ) | ੨੫-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀਬੀ ਰਣਜੀਤ ਕੌਰ ਸੁਪਤਨੀ ਭਾਈ ਪਿਆਰਾ ਸਿੰਘ ਬਟਾਲਾ (ਗੁਰਦਾਸਪੁਰ) | ੨੦੦੦-੦੦ |
| ਬੀਬੀ ਗੁਰਮੀਤ ਕੌਰ ਸੁਪਤਨੀ ਭਾਈ ਮਨੋਹਰਸਿੰਘ ਅੰਮ੍ਰਿਤਸਰ(ਧਰਮਸਾਲਾ)ਤੋਂ ਇਕ ਸਿਲਾਈ ਮਸ਼ੀਨ ਤੇ ਨਕਦ | ੨੦੦੦-੦੦ |
| ਬੀਬੀ ਜਸਵੰਤ ਕੌਰ ਸੁਪਤਨੀ ਸ: ਜੋਗਿੰਦਰ ਸਿੰਘ ਅਖਾੜਾ (ਲੁਧਿਆਣਾ) ਮਾਸਕ ਸਹਾਇਤਾ ਦੋ ਮਹੀਨੇ | ੬੦੦-੦੦ |
| ਬੀਬੀ ਸੁਰਜੀਤ ਕੌਰ ਸੁਪਤਨੀ ਭਾ: ਮਨਜੀਤ ਸਿੰਘ ਸ਼ਹੀਦ ਤ੍ਰਸਿਕਾ (ਅੰਮ੍ਰਿਤਸਰ) | ੧੦,੦੦੦-੦੦ |
| ਬੀਬੀ ਤੇਜ ਕੌਰ, ਊਸ਼ਾ ਪਾਰਕ, ਜੇਲ੍ਹ ਰੋਡ, ਨਵੀਂ ਦਿਲੀ | ੧੦,੦੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ ਕੇਂਦਰੀ ਦਫਤਰ, ਸ੍ਰੀ ਅੰਮ੍ਰਿਤਸਰ

www.AKJ.Org

੧੪੭੦/੪੩ ਬੀ, ਚੰਡੀਗੜ੍ਹ ਵਿਖੇ ਹਰ ਬੁਧਵਾਰ ਸ਼ਾਮ ੭ ਤੋਂ ੮ ਕੀਰਤਨ ਦੇ ਲਾਹੇ ਲਵੋ ਜੀ

ਖੰਨਾ, ਮਾਡਲ ਟਾਊਨ, ਗੁ: ਸ੍ਰੀ ਗੁਰੂ ਅਰਜਨ ਦੇਵ ਜੀ ੧੦ ਮਈ ਸਵੇਰੇ ਅਨੰਦ ਕਾਰਜ ਸਮੇਂ ਕੀਰਤਨ

ਪ੍ਰਿਤਪਾਲ ਸਿੰਘ, ੩੩੦੬/੨੧ ਡੀ ਚੰਡੀਗੜ੍ਹ, ੧੦ ਮਈ ਸਵੇਰੇ ਭੋਗ ਅਖੰਡ ਪਾਠ ਉਪ੍ਰੰਤ ਕੀਰਤਨ

ਧੰਦੋਈ (ਗੁਰਦਾਸਪੁਰ)ਮਾ: ਹਿੰਮਤ ਸਿੰਘ ਦੇ ਗ੍ਰਿਹਿ ੧੬ ਮਈ ਸਵੇਰੇ ਭੋਗ ਅਖੰਡਪਾਠ,ਰਾਤ ਰੈਣਸਬਾਈ

ਗੁ: ਨਾਢਾ ਸਾਹਿਬ ਪਾ: ੧੦ ਪੰਚਕੂਲਾ (ਹਰਿਆਣਾ) ਵਿਖੇ ੯ ਮਈ ਰਾਤ ਨੂੰ ਰੈਣ ਸਬਾਈ ਕੀਰਤਨ

ਕਾਲਾ ਸੰਘਿਆ ਗੁ: ਛੇਵੀਂ ਪਾਤਸ਼ਾਹੀ ਵਿਖੇ ੯ ਮਈ ਰਾਤ ਨੂੰ ਰੈਣ ਸਬਾਈ ਕੀਰਤਨ

ਪਿੰਡ ਭਗੂਪੁਰ (ਅੰਮ੍ਰਿਤਸਰ) ਵਿਖੇ ਸ਼ਹੀਦ ਰਘਬੀਰ ਸਿੰਘ ਦੀ ਯਾਦ ਵਿਚ ਰੈਣ ਸਬਾਈ ਕੀਰਤਨ

੯ ਮਈ ਰਾਤ ਨੂੰ ਕੀਰਤਨ ਵਿਚ ਆਇ ਜੁੜੋ ਜੀ। ਪਟੀ ਬਸ ਸਟੈਂਡ ਤੋਂ ਸ਼ਾਮ ੬ ਵਜੇ ਟਰਾਲੀ ਚਲੇਗੀ।

ਪਿੰਡ ਪਟੜੇ (ਲੁਧਿਆਣਾ) ਗੁਰਦੁਆਰਾ ਸਤੋਗੁਣੀ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾ: ਸਤਵੰਤ ਸਿੰਘ ਸੂਚਨਾ ਦੇਂਦੇ ਹਨ ਕਿ ੨੩ ਮਈ ਸ਼ਨੀਵਾਰ ਰਾਤ ਨੂੰ ਕੀਰਤਨ ਵਿਚ ਆਇ ਜੁੜੋ ਜੀ।

ਪੁਰਾਣਾ ਮੋਗਾ ਵਿਖੇ ੧੦ ਮਈ ਐਤਵਾਰ ਸਵੇਰੇ ਸਾਢੇ ਛੇ ਤੋਂ ਸਾਢੇ ਦਸ ਤਕ ਕੀਰਤਨ

ਬੀਬੀ ਮਹਿੰਦਰ ਕੌਰ ਮਜੀਠੀਆ ਚੌਕ (ਨੇੜੇ ਗ੍ਰਿਹਿ ਭਾ: ਕਰਨੈਲ ਸਿੰਘ) ਵਿਖੇ ਕੀਰਤਨ ਵਿਚ ਆਇ ਜੁੜੋ ਜੀ।

ਰਾਜਪੁਰਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ੧੪ ਤੋਂ ੧੭ ਮਈ ਸਵੇਰ ਤਕ

੧੪ ਮਈ ਸਵੇਰੇ ੫ ਤੋਂ ੮ ਕੀਰਤਨ ਉਪਰੰਤ ਸ੍ਰੀ ਅਖੰਡ ਪਾਠ ਅਰੰਭ ਗੁਰਦਵਾਰਾ ਮਹਿੰਦਰ ਗੰਜ, ਸ਼ਾਮ ੭-੩੦ ਤੋਂ ੧੦ ਗੁਰਦਵਾਰਾ ਆਹਲੂਵਾਲੀਆ ਪੁਰਾਣਾ ਰਾਜਪੁਰਾ, ੧੫ ਮਈ ਸਵੇਰੇ ੫ ਤੋਂ ੯ ਗੁ: ਨਵੀਨ ਸਿੰਘ ਸਭਾ, ਸ਼ਾਮ ਗੁ: ਜਾਪੁ ਸਾਹਿਬ ਗੋਬਿੰਦ ਕਾਲੋਨੀ। ੧੬ ਮਈ ਸਵੇਰੇ ਭੋਗ ਅਖੰਡ ਪਾਠ ਉਪਰੰਤ ਦੁਪਹਿਰ ਤਕ ਕੀਰਤਨ ਤੇ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਗੁ: ਮਹਿੰਦਰ ਗੰਜ।

ਸ੍ਰੀ ਅੰਮ੍ਰਿਤਸਰ ਵਿਖੇ ਹਫਤੇਵਾਰੀ ਐਤਵਾਰ ਦੇ ਕੀਰਤਨ ਪ੍ਰੋਗਰਾਮ (ਸਵੇਰੇ ੬ ਤੋਂ ੧੧)

੧੦ ਮਈ ਭਾਈ ਜਰਨੈਲ ਸਿੰਘ, ੩੪੧-ਬੀ, ਬੀ ਬਲਾਕ ਕੁਆਟਰਜ਼, ਇਸਲਾਮਾਬਾਦ

੧੭ ਮਈ ਭਾਈ ਖੇਮ ਸਿੰਘ ਬਜ਼ਾਜ਼, ਮਕਾਨ ਨੰ: ੨੨੭੩/੭, ਗਲੀ ਮਸਤ ਖੂਹੀ, ਚੌਕ ਮੋਨੀ, ਨੇੜੇ ਅਬਲਵਾਹੀਆਂ ਹਵੇਲੀ

੨੪ ਮਈ ਭਾਈ ਮਨਜੀਤ ਸਿੰਘ, ੧੩੮-ਅਜੀਤ ਨਗਰ, ਸ੍ਰੀ ਅੰਮ੍ਰਿਤਸਰ

੩੧ ਮਈ ਕੇਂਦਰੀ ਸਾਲਾਨਾ ਸ਼ਹੀਦੀ ਸਮਾਗਮ ਹੁਸ਼ਿਆਰਪੁਰ

੭ ਜੂਨ ਭਾਈ ਹਰਬੰਸ ਸਿੰਘ ਮਿਸਰੀ ਵਾਲੇ, ਜੈ ਤੀਰਥ ਬਿਲਡਿੰਗ, ਆਟਾ ਮੰਡੀ ਸ੍ਰੀ ਅੰਮ੍ਰਿਤਸਰ

---

ਪਰਦੇਸੀ ਅਮਾਨਤੀ ਲਾਈਫ਼ ਮੈਂਬਰ ਆਪਣੇ ਬਕਾਏ ਛੇਤੀ ਭੇਜਣ

ਪਰਦੇਸਾਂ ਲਈ ਡਾਕ ਖਰਚ ਬਹੁਤ ਵਧ ਜਾਣ ਕਰਕੇ ਅਮਾਨਤੀ ਲਾਈਫ਼ ਮੈਂਬਰੀ ਦੇ ਵੀ ਇਕ ਹਜ਼ਾਰ ਰੁਪਏ ਕਰਨੇ ਪਏ ਹਨ। ਜਿਨ੍ਹਾਂ ਵੀਰਾਂ ਨੇ ਆਪਣੀ ਰਕਮ ਅਜੇ ਤਕ ਪੂਰੀ ਨਹੀਂ ਕੀਤੀ ਉਹ ਆਪਣੀ ਬਾਕੀ ਰਕਮ ਛੇਤੀ ਭੇਜ ਕੇ ਇਕ ਹਜ਼ਾਰ ਰੁਪਏ ਪੂਰੇ ਕਰ ਦੇਣ ਦੀ ਕਿਰਪਾ ਕਰਨ ਜੀ।

ਇੰਗਲੈਂਡ ਦੇ ਬਕਾਏ ਅਤੇ ਚੰਦੇ ਯੂ. ਕੇ. ਵਿਚ ਹੀ ਜਮ੍ਹਾ ਕਰਾਓ ਜੀ

S. Gurnam Singh, 10-Lambourne Gardens. Early, Reading, Berks U. K.

---

**ਗੁਰਬਾਣੀ ਰਹਿਤਨਾਮਾ**—ਸਿੱਖੀ ਰਹਿਤ ਲਈ ਸਹੀ ਸੇਧ ਕੇਵਲ ਗੁਰਬਾਣੀ ਦੇ ਸਕਦੀ ਹੈ। ਰਹਿਤ ਮਰਯਾਦਾ ਨੂੰ ਗੁਰਬਾਣੀ ਦੀ ਸੇਧ ਵਿਚ ਸਮਝਣ ਲਈ ਇਹ ਟ੍ਰੈਕਟ ਪੜ੍ਹੋ। ਭੇਟਾ ੦-੫੦

**ਗੁਆਚਾ ਪਰਸ**—ਅੰਮ੍ਰਿਤਸਰ ਵਿਸਾਖੀ ਸਮਾਗਮ ਸਮੇਂ ਇਕ ਗੁਆਚਾ ਪਰਸ ਮਿਲਿਆ ਹੈ, ਜਿਸ ਵਿਚ ਕੁਝ ਰੁਮਾਲ,ਦਵਾਈਆਂ ਤੇ ਕੁਝ ਮਾਇਆ ਵੀ ਹੈ। ਇਕ ਚਾਦਰ ਵੀ ਮਿਲੀ ਹੈ।ਜਿਸ ਦੇ ਹੋਣ ਨਿਸ਼ਾਨੀ ਦੇ ਕੇ ਮੰਗਵਾ ਲਵੇ।

www.AKJ.Org

## ਆਹ ! ਭਾਈ ਹਰਨਾਮ ਸਿੰਘ ਜੀ (ਅਨੰਦ)



ਅਨਿੰਨ ਸੇਵਕ, ਰਹਿਣੀ-ਸਹਿਣੀ-ਕਹਿਣੀ ਕਰਣੀ ਦੇ ਸੂਰੇ, ਹਰਮਨ ਪਿਆਰੇ, ਯੂ. ਕੇ. ਤੇ ਹੋਰ ਮੁਲਕਾਂ ਵਿਚ ਪੰਚਾਂ ਦੀ ਸੇਵਾ ਭੈ-ਭਾਵਨੀ ਵਿਚ ਨਿਭਾਉਣ ਵਾਲੇ, ਗੁਰਮੁਖ,ਪਿਆਰੇ ਭਾਈ ਹਰਨਾਮ ਸਿੰਘ ਜੀ ਦੀ ਉੱਚੀ ਸੁਚੀ ਬਿਰਤੀ ਨੂੰ ਉਹਨਾ ਦਾ ਪਰਵਾਰ ਨਾ ਜਾਣ ਸਕਿਆ । "ਭਗਤਾਂ ਤੈ ਸੰਸਾਰੀਆ ਜੋੜ ਕਦੇ ਨ ਆਇਆ ।" ਐਸੇ ਗਰੂ ਕੇ ਲਾਲ ਨੂੰ ਉਨ੍ਹਾਂ ਦੇ ਬੱਚਿਆਂ ਨੇ ਹੀ ੨੬-੨੭ ਫਰਵਰੀ ਦੀ ਰਾਤ ਨੂੰ ਛੁਰੇ ਮਾਰ ਮਾਰ ਖਤਮ ਕਰ ਦਿਤਾ। ਪੰਜਾਬ ਯੂਨੀਵਰਸਿਟੀ ਦੇ ਆਪ ਗਰੈਜੂਏਟ ਸਨ ਅਤੇ ਇਨਕਮ ਟੈਕਸ ਆਫੀਸਰ ਤੋਂ ਰੀਟਾਇਰ ਹੋ ਕੇ 'ਏਕੋ ਨਾਮੁ ਹੁਕਮੁ ਹੈ' ਦੀ ਕਾਰੇ ਲਗੇ ਰਹੇ । ਆਪਦੇ ਨਮਿਤ ਯੂ. ਕੇ. ਵਿਚ ਥਾਂ ਥਾਂ ਸਭਾ ਸੁਸਾਇਟੀਆਂ ਵਲੋਂ ਸ੍ਰੀ ਅਖੰਡ ਪਾਠ ਹੋ ਰਹੇ ਹਨ । ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਬਰਮਿੰਘਮ ਵਿਖੇ ਹੋਏ ਸ੍ਰੀ ਅਖੰਡਪਾਠ ਸਮੇਂ ਦੋ ਗੁਰਮਤੇ ਕੀਤੇ ਗਏ ਕਿ ਕਾਤਲਾਂ ਨਾਲ ਕੋਈ ਵੀ ਗੁਰੂ ਕਾ ਸਿਖ ਰੋਟੀ ਬੇਟੀ ਦੀ ਸਾਂਝ ਨਾ ਰਖੇ ਅਤੇ ਮੁਕੱਦਮੇ ਦੀ ਪੈਰਵੀ ਜਥੇ ਵਲੋਂ ਕੀਤੀ ਜਾਵੇ ।

# ਅਖੰਡ ਕੀਰਤਨੀ ਜਥਿਆਂ ਵਲੋਂ ਹੁਸ਼ਿਆਰਪੁਰ ਵਿਖੇ ਸ਼ਹੀਦੀ ਗੁਰਪੁਰਬ

## ੨੭ ਮਈ ਬੁਧਵਾਰ ਤੋਂ ੧ ਜੂਨ ੧੯੮੭ ਸੋਮਵਾਰ ਸਵੇਰ ਤਕ

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਗੁਰਪੁਰਬ ਗੁ: ਕਲਗੀਧਰ ਚਰਨ ਪਾਵਨ, ਮਾਡਲ ਟਾਊਨ (ਰੋਸ਼ਨ ਗਰਾਊਂਡ ਨੇੜੇ, ਬਸ ਅੱਡੇ ਤੋਂ ਡੇਢ ਫਰਲਾਂਗ) ਹੁਸ਼ਿਆਰਪੁਰ ਵਿਖੇ ਮਨਾਇਆ ਜਾ ਰਿਹਾ ਹੈ । ਆਇ ਜੁੜੋ ਜੀ ।

੨੭ ਮਈ ਸਵੇਰੇ ੫ ਤੋਂ ੮ ਗੁ: ਸਿੰਘ ਸਭਾ ਬਹਾਦਰਪੁਰ, ਸ਼ਾਮ ੭ ਤੋਂ ੯ ਡਾ: ਗਾਜਵਿੰਦਰਪਾਲ ਸਿੰਘ ੯੯ ਮਾਡਲ ਟਾਓਨ<br>
੨੮ ਮਈ ਸਵੇਰੇ ੫ ਤੋਂ ੮ ਗੁਰਦਵਾਰਾ ਰੇਲਵੇ ਮੰਡੀ, ਸ਼ਾਮ ੭ ਤੋਂ ੯ ਗੁਰਦਵਾਰਾ ਗੋਕਲ ਨਗਰ, ਜਲੰਧਰ ਰੋਡ,ਹੁਸ਼ਿਆਰਪੁਰ<br>
੨੯ ਮਈ ਸਵੇਰੇ ੪ ਤੋਂ ੭ ਕੀਰਤਨ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਗੁ: ਕਲਗੀਧਰ ਚਰਨ ਪਾਵਨ<br>
ਸ਼ਾਮ ੭ ਤੋਂ ੯ ਕੀਰਤਨ ਸ: ਇੰਦਰਜੀਤ ਸਿੰਘ, ੧੦੭-ਐਲ ਮਾਡਲ ਟਾਊਨ<br>
੩੦ ਮਈ ਸਵੇਰੇ ੭ ਤੋਂ ੧੨ ਗੁ: ਭਾ: ਜੋਗਾ ਸਿੰਘ ਮਹੱਲਾ ਸ਼ੇਖਾਂ, ਸ਼ਾਮ ੭ ਤੋਂ ੯ ਸ: ਦਲਜੀਤ ਸਿੰਘ ੧੦੭-ਆਰ ਮਾ: ਟਾਊਨ<br>
੩੧ ਮਈ ਸਵੇਰੇ ਭੋਗ ਸ੍ਰੀ ਅਖੰਡ ਪਾਨ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ੬ ਵਜੇ ਅੰਮ੍ਰਿਤ ਸਿੰਚਾਰ, ੭ ਵਜੇ ਅਰੰਭ<br>
੧ ਜੂਨ ਸਵੇਰੇ ੬ ਵਜੇ ਸਮਾਪਤੀ ਗੁ: ਕਲਗੀਧਰ ਚਰਨ ਪਾਵਨ ਵਿਖੇ । ਰੈਣ ਸਵਾਈ ਕੀਰਤਨ

ਨੋਟ : (੧) ਬਿਸਤਰੇ ਲੋੜ ਮੂਜਬ ਲੈ ਕੇ ਆਓ ਜੀ । (੨) ਅਨੰਦ ਕਾਰਜ ਵਾਲੇ ਜੋੜੇ ਪਹਿਲਾਂ ਸੂਚਨਾ ਭੇਜਣ ।

ਪੁਛ ਗਿਛ : ਭਾਈ ਅਵਤਾਰ ਸਿੰਘ, ੧੬੮-ਆਰ, ਮਾਡਲ ਟਾਊਨ. ਹੁਸ਼ਿਆਰਪੁਰ<br>
ਗੁਰੂ ਨਾਨਕ ਜਨਰਲ ਸਟੋਰ, ਸਾਹਮਣੇ ਬੱਸ ਸਟੈਂਡ, ਹੁਸ਼ਿਆਰਪੁਰ

ਪ੍ਰਾਰਥਕ ਦਾਸਰੇ<br>
ਅਖੰਡ ਕੀਰਤਨੀ ਜਥਾ, ਹੁਸ਼ਿਆਰਪੁਰ

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

੧੬ ਮਈ ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਗੁਰੂ ਨਾਨਕ ਗੁਰਦਵਾਰਾ, ਐਡਵਰਡ ਸਟਰੀਟ, ਵੈਸਟ ਬ੍ਰਾਮਵਿਚ ਵਿਖੇ । ਪੁਛ ਗਿਛ : ਗੁਰਦਵਾਰਾ ਫੋਨ 021-553-1242, ਭਾ: ਜੋਗਾ ਸਿੰਘ 021-525-9244

**ਸ਼ਹੀਦਾਂ ਦੀ ਯਾਦ ਵਿਚ ਗੁ: ਸੰਤੋਖਸਰ (ਟਾਹਲੀ ਸਾਹਿਬ) ਅੰਮ੍ਰਿਤਸਰ, ੨੩ ਮਈ ਰਾਤ ਨੂੰ ਰੈਣ ਸਬਾਈ**

**ਜਗਾਧਰੀ (ਅੰਬਾਲਾ) ਗੁਰਦਵਾਰਾ ਲੁਹਾਰਾ ਮਹੱਲਾ ਵਿਖੇ ੨੩ ਮਈ ਰਾਤ ਨੂੰ ਰੈਣ ਸਬਾਈ ਕੀਰਤਨ**

**ਪਿੰਡ ਬਿੰਝੋਂ (ਹੁਸ਼ਿਆਰਪੁਰ) ਗੁਰਦੁਆਰਾ ਸਾਹਿਬ ਵਿਖੇ ੨੩ ਮਈ ਰਾਤ ਨੂੰ ਰੈਣ ਸਬਾਈ ਕੀਰਤਨ**

ਬੰਗਾ ਤੋਂ ਸ਼ਾਮ ੬ ਵਜੇ ਸੰਗਤਾਂ ਲਈ ਗੱਡੀ ਚਲੇਗੀ ।

**ਨਾਰੰਗਵਾਲ ਗੁ: ਅਕਾਲੀ ਵਾਲਾ ਵਿਖੇ ੧੦ ਮਈ ਐਤਵਾਰ ਨੂੰ ਸਵੇਰ ਤੋਂ ਦੁਪਹਿਰ ਤਕ ਕੀਰਤਨ**

www.AKJ.Org